PART-A

1. 'ਸ਼ੀਤਲਾ ਦੇਵੀ' ਨੂੰ ਹੇਠ ਲਿਖਿਆਂ ਵਿੱਚੋਂ ਕਿਸ ਨਾਮ ਨਾਲ ਨਹੀਂ ਜਾਣਿਆ ਜਾਂਦਾ ?

a) ਠੰਡੀ ਮਾਤਾ b) ਜਲ-ਜੋਗਨੀ c) ਫਫਰੋਲੇ ਵਾਲੀ d) ਵੱਡੀ ਮਾਤਾ

2. ਨੌਰਾਤਿਆਂ ਦੇ ਦਿਨਾਂ ਵਿੱਚ ਕੰਵਾਰੀਆਂ ਕੁੜੀਆਂ ਕਿਸ ਦੀ ਪੂਜਾ ਕਰਦੀਆਂ ਹਨ ?

a) ਸਾਂਝੀ ਦੇਵੀ b) ਮਸਾਣੀ ਦੇਵੀ c) ਮਹਾ-ਮਾਈ d) ਬਸੰਤੀ ਦੇਵੀ

3. ਹੇਠ ਲਿਖੀਆਂ ਰਸਮਾਂ ਦਾ ਸਹੀ ਕ੍ਰਮ ਹੈ :

a) ਝੋਲੀ ਭਰਨਾ, ਗੁੜ੍ਹਤੀ, ਨਾਮਕਰਨ, ਮੁੰਡਨ c) ਝੋਲੀ ਭਰਨਾ, ਨਾਮਕਰਨ, ਗੁੜ੍ਹਤੀ, ਮੁੰਡਨ

b) ਗੁੜ੍ਹਤੀ, ਝੋਲੀ ਭਰਨਾ, ਨਾਮਕਰਨ, ਮੁੰਡਨ d) ਗੁੜ੍ਹਤੀ, ਮੁੰਡਨ, ਝੋਲੀ ਭਰਨਾ, ਨਾਮਕਰਨ

4. 'ਕਪਾਲ ਕਿਰਿਆ ' ਕੀਤੀ ਜਾਂਦੀ ਹੈ :

a) ਮ੍ਰਿਤਕ ਦੀ ਖੋਪੜੀ ਪਾਸੇ ਘੜਾ ਤੋੜਕੇ c) ਵੱਡੇ ਮੁੰਡੇ ਵੱਲੋਂ ਜਲ ਰਹੀ ਲੋਥ ਦੀ ਖੋਪੜੀ ਨੂੰ ਡੰਡੇ ਨਾਲ ਠਕੋਰ ਕੇ

b) ਆਟੇ ਦਾ ਪੇੜਾ ਮ੍ਰਿਤਕ ਦੀ ਖੋਪੜੀ ਨੇੜੇ ਰਖਕੇ d) ਮ੍ਰਿਤਕ ਦੀਆਂ ਅਸਥੀਆਂ ਨੂੰ ਵਿਸਰਜਿਤ ਕਰਕੇ

5. ਹੇਠ ਲਿਖਿਆਂ ਵਿੱਚੋਂ ਕਿਹੜਾ ਸਮੂਹ ਸਮੁੱਚੇ ਰੂਪ ਵਿੱਚ ਲੋਕ-ਨਾਟ ਪਰੰਪਰਾ ਦਾ ਅੰਗ ਨਹੀਂ ?

a) ਪੁਤਲੀਆਂ ਦਾ ਤਮਾਸ਼ਾ, ਸਵਾਂਗ, ਰਾਸ ਲੀਲਾ c) ਰਾਸ ਲੀਲਾ, ਬਾਤਾਂ, ਨੌਟੰਕੀ

b) ਨੌਟੰਕੀ, ਭੰਡਾਂ ਦਾ ਤਮਾਸ਼ਾ, ਸਵਾਂਗ d) ਰਾਸ ਲੀਲਾ, ਭੰਡਾਂ ਦਾ ਤਮਾਸ਼ਾ, ਸਵਾਂਗ

6. ਸਿਰ ਤੋਂ ਲੈ ਕੇ ਪੈਰਾਂ ਤਕ ਪਹਿਨੇ ਜਾਣ ਵਾਲੇ ਗਹਿਣਿਆਂ ਦਾ ਸਹੀ ਕ੍ਰਮ ਹੈ :

a) ਸ਼ਿੰਗਾਰ ਪੱਟੀ, ਪਿੱਪਲ ਪੱਤੀਆਂ, ਗੁਲੂਬੰਦ, ਝਾਂਜਰ c) ਪਿੱਪਲ ਪੱਤੀਆਂ, ਗੁਲੂਬੰਦ, ਸ਼ਿੰਗਾਰ ਪੱਟੀ, ਝਾਂਜਰ

b) ਸ਼ਿੰਗਾਰ ਪੱਟੀ, ਗੁਲੂਬੰਦ, ਝਾਂਜਰ, ਪਿੱਪਲ ਪੱਤੀਆਂ d) ਗੁਲੂਬੰਦ, ਸ਼ਿੰਗਾਰ ਪੱਟੀ, ਪਿੱਪਲ ਪੱਤੀਆਂ, ਝਾਂਜਰ

7. ਮਾਝੀ ਉਪਭਾਸ਼ਾ ਦੇ ਵਾਕ 'ਕੀ ਆਖਿਆ ਈ ?' ਵਿਚ 'ਈ' ਸ਼ਬਦ ਵਰਤਿਆ ਗਿਆ ਹੈ :

a) ਪਹਿਲੇ ਪੁਰਖ ਇਕ ਵਚਨ 'ਮੈਂ'ਲਈ c) ਦੂਜੇ ਪੁਰਖ ਇਕ ਵਚਨ 'ਤੂੰ' ਲਈ

b) ਦੂਜੇ ਪੁਰਖ ਬਹੁਵਚਨ 'ਤੁਸੀਂ' ਲਈ d) ਤੀਜੇ ਪੁਰਖ ਇਕ ਵਚਨ 'ਉਸ' ਲਈ

8. 'ਥੋਡਾ' ਪੜਨਾਂਵ ਹੇਠ ਲਿਖੀਆਂ ਉਪ-ਭਾਸ਼ਾਵਾਂ ਵਿਚੋਂ ਕਿਸ ਨਾਲ ਸੰਬੰਧਿਤ ਹੈ ?

a) ਮਲਵਈ b) ਪੋਠੋਹਾਰੀ c) ਦੁਆਬੀ d) ਮਾਝੀ

9. ਹੇਠਾਂ ਦਿੱਤੇ ਗਏ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉੱਤਰ ਵਜੋਂ ਢੁਕਵੇਂ ਵਿਕਲਪ ਦੀ ਚੋਣ ਕਰੋ।

ਕਥਨ 1 : ਪੰਜਾਬੀ ਭਾਸ਼ਾ ਦਾ ਨਿਕਾਸ ਸੰਸਕ੍ਰਿਤ ਵਿਚੋਂ ਹੋਇਆ।

ਕਥਨ 2: ਪੰਜਾਬੀ ਭਾਸ਼ਾ ਪੰਜਵੀਂ-ਛੇਵੀਂ ਸਦੀ ਤਕ ਵਿਕਸਿਤ ਹੋ ਚੁੱਕੀ ਸੀ।

ਵਿਕਲਪ :

a) ਕਥਨ 1 ਅਤੇ ਕਥਨ 2, ਦੋਵੇਂ ਸਹੀ ਹਨ। c) ਕਥਨ 1 ਸਹੀ ਹੈ ਅਤੇ ਕਥਨ 2 ਗਲਤ ਹੈ।

b) ਕਥਨ 1 ਅਤੇ ਕਥਨ 2, ਦੋਵੇਂ ਗਲਤ ਹਨ। d) ਕਥਨ 1 ਗਲਤ ਹੈ ਅਤੇ ਕਥਨ 2 ਸਹੀ ਹੈ।

10. ਹੇਠਾਂ ਦਿੱਤੇ ਗਏ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉੱਤਰ ਵਜੋਂ ਢੁਕਵੇਂ ਵਿਕਲਪ ਦੀ ਚੋਣ ਕਰੋ।

ਕਥਨ 1 : ਪੰਜਾਬੀ ਭਾਸ਼ਾ ਵਿਚ 10 ਸੁਰ ਹਨ।

ਕਥਨ 2: ਪੰਜਾਬੀ ਭਾਸ਼ਾ ਵਿਚ ਸੁਰ-ਵਾਹਕਾਂ ਦੀ ਗਿਣਤੀ 3 ਹੈ।

ਵਿਕਲਪ :

a) ਕਥਨ 1 ਅਤੇ ਕਥਨ 2, ਦੋਵੇਂ ਸਹੀ ਹਨ। c) ਕਥਨ 1 ਸਹੀ ਹੈ ਅਤੇ ਕਥਨ 2 ਗਲਤ ਹੈ।

b) ਕਥਨ 1 ਅਤੇ ਕਥਨ 2, ਦੋਵੇਂ ਗਲਤ ਹਨ। d) ਕਥਨ 1 ਗਲਤ ਹੈ ਅਤੇ ਕਥਨ 2 ਸਹੀ ਹੈ।

11. 'ਭੇਡ ਲਿਆਂਦੀ_____ ਨੂੰ ਬੈਠੀ _____ ਕਪਾਹ।' ਇਸ ਅਖਾਣ ਨੂੰ ਪੂਰਾ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜੇ ਸ਼ਬਦ ਵਰਤੇ ਜਾਣਗੇ ?

a) ਵੱਢਣੇ, ਚੁਗੇ b) ਉੱਨ, ਚਰੇ c) ਵੱਢਣੇ, ਚੁਣੇ d) ਤਾੜਨੇ, ਚਰੇ

House of Aspirants | houseofaspirants.in | Free PSSSB, Punjab Police & PSTET preparation

12. '_____ ਭਾਂਡਿਆਂ ਦੀਆਂ _____ ਹੀ ਨਹੀਂ ਮਾਣ।' ਇਸ ਅਖਾਣ ਨੂੰ ਪੂਰਾ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜੇ ਸ਼ਬਦ ਵਰਤੇ ਜਾਣਗੇ ?

a) ਵੱਡਿਆਂ, ਘਰੋੜੀਆਂ b) ਭਜਿਆਂ, ਤੋੜੀਆਂ c) ਭਰਿਆਂ, ਲੱਭਤਾਂ d) ਛੋਟਿਆਂ, ਠੀਕਰੀਆਂ

13. ਗੁਰੂਕੁਲ ਵਿੱਚ ਰਹਿਣ ਵਾਲੇ ਹਰ ਸਿੱਖਿਆਰਥੀ ਲਈ ਇਹ ਜ਼ਰੂਰੀ ਹੈ ਕਿ ਉਹ ਗੁਰੂ ਜੀ ਵੱਲੋਂ ਦੱਸੀਆਂ ਗਈਆਂ ਸਭ ਸਿੱਖਿਆਵਾਂ ਦਾ ਪਾਲਣ ਕਰੇ। ਇਸ ਵਾਕ ਵਿੱਚ ਕੁੱਲ ਕਿੰਨੇ ਨਾਂਵ ਆਏ ਹਨ ?

a) ਪੰਜ b) ਛੇ c) ਚਾਰ d) ਤਿੰਨ

14. ਹੇਠ ਲਿਖਿਆਂ ਵਿੱਚੋਂ ਉਸ ਵਾਕ ਦੀ ਚੋਣ ਕਰੋ ਜਿਸ ਵਿੱਚ ਵਸਤ-ਵਾਚਕ ਨਾਂਵ ਵਰਤਿਆ ਗਿਆ ਹੈ :

a) ਪੱਤਿਆਂ ਨੂੰ ਇਕੱਠਾ ਕਰੋ। b) ਕੁਰਸੀ ਨੂੰ ਟਿਕਾਣੇ ਸਿਰ ਰੱਖੋ। c) ਦੁੱਧ ਵਿੱਚ ਪਾਣੀ ਨਾ ਪਾਓ। d) ਇਹ ਕਿਤਾਬ ਮੇਰੀ ਹੈ।

15. ਹੇਠ ਲਿਖਿਆਂ ਵਿਚੋਂ ਕਿਹੜਾ ਪੁਰਖਵਾਚੀ ਪੜਨਾਂਵ ਨਹੀਂ ਹੈ ?

a) ਆਪ b) ਆਪਾਂ c) ਤੁਸੀਂ d) ਉਹ

16. ਹੇਠ ਲਿਖਿਆਂ ਵਿਚੋਂ ਕਿਹੜਾ ਅਨਿਸ਼ਚੇਵਾਚਕ ਪੜਨਾਂਵ ਹੈ ?

a) ਸਭ b) ਔਹ c) ਕਿਹੜਾ d) ਉਹ

17. ਚਾਚੇ ਨੇ ਆਪਣੀ ਕਮੀਜ ਦਾ ਬਟਨ ਲਗਾਉਂਦਿਆਂ ਕਿਹਾ,"ਕਰਤਾਰੇ ਨੇ ਚਾਹ ਤਾਂ ਵਧੀਆ ਬਣਾਈ ਸੀ ਪਰ ਉਨ੍ਹਾਂ ਨੂੰ ਕਿਉਂ ਪਸੰਦ ਨਹੀਂ ਆਈ, ਇਸ ਬਾਰੇ ਮੈਂ ਕੀ ਕਹਿ ਸਕਦਾ ਹਾਂ? ਇਸ ਵਾਕ ਵਿੱਚ ਪੁਰਖਵਾਚੀ ਪੜਨਾਂਵ ਹੈ :

a) ਉਨ੍ਹਾਂ b) ਆਪਣੀ c) ਕਿਉਂ d) ਕੀ

18. "ਜਸਵਿੰਦਰ ਕੱਲ੍ਹ ਰਾਤ ਦਾ ਦਿੱਲੀ ਤੋਂ ਚੱਲਿਆ ਹੋਇਆ ਲੁਧਿਆਣਾ ਹੁਣੇ ਹੁਣੇ ਪਹੁੰਚਿਆ ਹੈ।" ਇਸ ਵਾਕ ਵਿਚ ਸੰਜੁਗਤ ਕਿਰਿਆ ਵਿਸ਼ੇਸ਼ਣ ਹੈ :

a) ਹੁਣੇ ਹੁਣੇ b) ਦਾ c) ਤੋਂ ਚੱਲਿਆ d) ਹੋਇਆ

19. "ਉਹ ਸਾਰਾ ਦਿਨ ਪੜ੍ਹਦਾ ਰਹਿੰਦਾ ਹੈ।" ਇਸ ਵਾਕ ਵਿੱਚ ਸੰਚਾਲਕ ਕਿਰਿਆ ਹੈ :

a) ਪੜ੍ਹਦਾ b) ਰਹਿੰਦਾ c) ਪੜ੍ਹਦਾ ਰਹਿੰਦਾ d) ਹੈ

20. ਹੇਠ ਲਿਖਿਆਂ ਵਿੱਚੋਂ ਸਕਰਮਕ ਵਾਕ ਦੀ ਚੋਣ ਕਰੋ :

a) ਉਹ ਪੜ੍ਹ ਰਹੀ ਹੈ। b) ਕਪਤਾਨ ਖੇਡ ਰਿਹਾ ਹੈ। c) ਲਾਲੀ ਰੋਟੀ ਖਾ ਰਿਹਾ ਹੈ। d) ਸਰੋਜ ਗਾ ਰਹੀ ਹੈ।

21. 'ਜਪੁ' ਬਾਣੀ ਦੀ ਰਚਨਾ _____ ਨੇ ਕੀਤੀ।

a) ਗੁਰੂ ਨਾਨਕ ਸਾਹਿਬ b) ਗੁਰੂ ਅੰਗਦ ਸਾਹਿਬ c) ਗੁਰੂ ਅਰਜਨ ਸਾਹਿਬ d) ਗੁਰੂ ਗੋਬਿੰਦ ਸਿੰਘ ਸਾਹਿਬ

22. "ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥" ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

a) ਗੁਰੂ ਅੰਗਦ ਸਾਹਿਬ ਜੀ b) ਗੁਰੂ ਅਮਰਦਾਸ ਜੀ c) ਗੁਰੂ ਰਾਮਦਾਸ ਜੀ d) ਗੁਰੂ ਗੋਬਿੰਦ ਸਿੰਘ ਸਾਹਿਬ ਜੀ

23. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅੰਗਦ ਸਾਹਿਬ ਜੀ ਦੇ ਕਿੰਨੇ ਸ਼ਲੋਕ ਦਰਜ ਹਨ ?

a) 118 b) 63 c) 69 d) 101

24. ਗੁਰੂ ਰਾਮਦਾਸ ਜੀ ਦੀ ਸੁਪਤਨੀ ਦਾ ਨਾਂ _____ ਸੀ।

a) ਬੀਬੀ ਦਾਨੀ ਜੀ b) ਬੀਬੀ ਭਾਨੀ ਜੀ c) ਬੀਬੀ ਰਜਨੀ ਜੀ d) ਬੀਬੀ ਗੰਗਾ ਜੀ

25. ਹੇਠ ਲਿਖੇ ਬਾਣੀ-ਰੂਪਾਂ ਵਿਚੋਂ ਕਿਸ ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਰਚਨਾ ਨਹੀਂ ਕੀਤੀ ?

a) ਕਰਹਲੇ b) ਘੋੜੀਆਂ c) ਵਾਰਾਂ d) ਬਾਰਹ ਮਾਹਾ

26. ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਕਿੰਨੀਆਂ ਵਾਰਾਂ ਦਰਜ ਹਨ ?

a) ਚਾਰ b) ਛੇ c) ਸੱਤ d) ਅੱਠ

27. 'ਦੋਹਿਤਾ, ਬਾਣੀ ਕਾ ਬੋਹਿਥਾ' ਕਿਸ ਗੁਰੂ ਸਾਹਿਬ ਲਈ ਵਰਤੇ ਗਏ ਸ਼ਬਦ ਹਨ ?

a) ਗੁਰੂ ਨਾਨਕ ਸਾਹਿਬ b) ਗੁਰੂ ਅੰਗਦ ਸਾਹਿਬ c) ਗੁਰੂ ਰਾਮਦਾਸ ਸਾਹਿਬ d) ਗੁਰੂ ਅਰਜਨ ਸਾਹਿਬ

House of Aspirants | houseofaspirants.in | Free PSSSB, Punjab Police & PSTET preparation

28. ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮਾਤਾ ਜੀ ਦਾ ਨਾਮ _____ ਸੀ।

a) ਮਾਤਾ ਗੰਗਾ ਜੀ b) ਬੀਬੀ ਭਾਨੀ ਜੀ c) ਮਾਤਾ ਨਾਨਕੀ ਜੀ d) ਬੀਬੀ ਦਾਨੀ ਜੀ

29. ਹੇਠ ਲਿਖੀਆਂ ਵਿੱਚੋਂ ਕਿਹੜੀ ਰਚਨਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਨਹੀਂ ਹੈ ?

a) ਜਾਪੁ b) ਚੰਡੀ ਦੀ ਵਾਰ c) ਅਕਾਲ ਉਸਤਤਿ d) ਸੁਖਮਨੀ

30. ਬਚਿਤ੍ਰ ਨਾਟਕ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ _____ ਨੂੰ ਅਧਾਰ ਬਣਾਇਆ।

a) ਦੇਵੀ ਦੁਰਗਾ ਦੀ ਪੌਰਾਣਿਕ ਕਥਾ
b) ਪਿਤਰੀ ਤੇ ਪੂਰਵ-ਜਨਮਾਂ ਦੀ ਕਥਾ
c) ਮੁਗ਼ਲ ਰਾਜ ਦੀ ਭਵਿੱਖ ਵਿੱਚ ਹੋਣ ਵਾਲੀ ਅਧੋਗਤੀ
d) ਚਮਕੌਰ ਦੀ ਗੜ੍ਹੀ ਦੇ ਯੁੱਧ

31. ਵਿਸਰਾਮ-ਚਿੰਨ੍ਹਾਂ ਪੱਖੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਬਿਲਕੁਲ ਸਹੀ ਹੈ ?

a) ਚਾਚੇ ਅਮਰੂ ਨੇ ਕਿਹਾ," ਨੌਜਵਾਨਾਂ ਨੂੰ ਕੋਈ ਕੰਮ-ਕਾਜ ਕਰਨਾ ਚਾਹੀਦਾ ਹੈ "।
b) ਚਾਚੇ ਅਮਰੂ ਨੇ ਕਿਹਾ," ਨੌਜਵਾਨਾਂ ਨੂੰ ਕੋਈ ਕੰਮ ਕਾਜ ਕਰਨਾ ਚਾਹੀਦਾ ਹੈ "
c) " ਚਾਚੇ ਅਮਰੂ ਨੇ ਕਿਹਾ ", ਨੌਜਵਾਨਾਂ ਨੂੰ ਕੋਈ ਕੰਮ-ਕਾਜ ਕਰਨਾ ਚਾਹੀਦਾ ਹੈ।
d) ਚਾਚੇ ਅਮਰੂ ਨੇ ਕਿਹਾ," ਨੌਜਵਾਨਾਂ ਨੂੰ ਕੋਈ ਕੰਮ-ਕਾਜ ਕਰਨਾ ਚਾਹੀਦਾ ਹੈ।"

32. ਵਿਸਰਾਮ- ਚਿੰਨ੍ਹਾਂ ਪੱਖੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਬਿਲਕੁਲ ਸਹੀ ਹੈ ?

a) ਚਿੰਤ ਕੌਰ ਨੇ ਅੜੀ ਕਰਦਿਆਂ ਕਿਹਾ, "ਮੈਂ ਵੀ ਹੱਥ ਘੜੀ ਲੈ ਕੇ ਰਹਿਣਾ ਹੈ"।
b) ਚਿੰਤ ਕੌਰ ਨੇ ਅੜੀ ਕਰਦਿਆਂ ਕਿਹਾ, "ਮੈਂ ਵੀ ਹੱਥ-ਘੜੀ ਲੈ ਕੇ ਰਹਿਣਾ ਹੈ।"
c) "ਚਿੰਤ ਕੌਰ ਨੇ ਅੜੀ ਕਰਦਿਆਂ ਕਿਹਾ" - ਮੈਂ ਵੀ ਹੱਥ-ਘੜੀ ਲੈ ਕੇ ਰਹਿਣਾ ਹੈ।
d) "ਚਿੰਤ ਕੌਰ ਨੇ ਅੜੀ ਕਰਦਿਆਂ ਕਿਹਾ।" " ਮੈਂ ਵੀ ਹੱਥ-ਘੜੀ ਲੈ ਕੇ ਰਹਿਣਾ ਹੈ"

33. ਵਿਸਰਾਮ-ਚਿੰਨ੍ਹਾਂ ਪੱਖੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਬਿਲਕੁਲ ਸਹੀ ਹੈ ?

a) ਸੱਸ ਨੇ ਨੂੰਹ ਨੂੰ ਕਿਹਾ- ਹਰਜਸ, ਕੋਈ ਸਾਗ-ਸਬਜ਼ੀ ਹੀ ਧਰ ਲੈ।
b) ਸੱਸ ਨੇ ਨੂੰਹ ਨੂੰ ਕਿਹਾ, "ਹਰਜਸ ਕੋਈ ਸਾਗ-ਸਬਜ਼ੀ ਹੀ ਧਰ ਲੈ"।
c) ਸੱਸ ਨੇ ਨੂੰਹ ਨੂੰ ਕਿਹਾ: ਹਰਜਸ ਕੋਈ ਸਾਗ-ਸਬਜ਼ੀ ਹੀ ਧਰ ਲੈ।
d) ਸੱਸ ਨੇ ਨੂੰਹ ਨੂੰ ਕਿਹਾ, " ਹਰਜਸ, ਕੋਈ ਸਾਗ-ਸਬਜ਼ੀ ਹੀ ਧਰ ਲੈ।"

34. 'ਜਿਹੜੀ ਮੱਝ ਤਾਜ਼ੀ ਸੂਈ ਹੋਵੇ' ਲਈ _____ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

a) ਤੇਕੜ b) ਸੌਜਰ c) ਖਾਂਗੜ d) ਛੁੱਟੜ

35. 'ਧਾਰਮਿਕ ਪੱਖਪਾਤ ਕਰਨ ਵਾਲਾ' ਲਈ _____ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

a) ਧਾਰਮਿਕ b) ਪਖੰਡੀ c) ਫਿਰਕੂ d) ਅਮਾਨਵੀ

36. 'ਘਰ ਵਿੱਚ ਪਹਿਲੇ ਜੰਮੇ ਪੁੱਤਰ' ਲਈ _____ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

a) ਜੇਠ b) ਜੇਠਾ c) ਜੇੜਾ d) ਸਿੱਧੜ

37.

ਸੂਚੀ I (ਲੋਕ ਕਾਵਿ ਰੂਪ)	ਸੂਚੀ II (ਗਾਉਣ-ਵੇਲਾ)
(i) ਘੋੜੀਆਂ	1. ਮੌਤ ਸਮੇਂ
(ii) ਸੁਹਾਗ	2. ਮੁੰਡੇ ਦੇ ਵਿਆਹ ਸਮੇਂ
(iii) ਅਲਾਹੁਣੀਆਂ	3. ਆਮ ਤੌਰ 'ਤੇ ਬਰਾਤ ਢੁੱਕਣ ਸਮੇਂ ਜਾਂ ਨਾਨਕਾ-ਮੇਲ ਸਮੇਂ
(iv) ਸਿੱਠਣੀਆਂ	4. ਕੁੜੀ ਦੇ ਵਿਆਹ ਸਮੇਂ

ਸੂਚੀ I ਅਨੁਸਾਰ ਸੂਚੀ II ਦਾ ਸਹੀ ਕ੍ਰਮ ਹੈ :

	(i)	(ii)	(iii)	(iv)
a)	2	4	1	3
b)	2	3	4	1
c)	3	4	1	2
d)	2	1	2	3

House of Aspirants | houseofaspirants.in | Free PSSSB, Punjab Police & PSTET preparation

5200

38. ਦੰਤ ਕਥਾਵਾਂ ਦਾ ਸੰਬੰਧ ਹੇਠ ਲਿਖਿਆਂ ਵਿਚੋਂ ਕਿਸ ਨਾਲ ਨਹੀਂ ਹੈ ?
a) ਦੰਤ ਕਥਾਵਾਂ ਦੈਵੀ ਜੀਵਾਂ ਨਾਲ ਵੀ ਸੰਬੰਧਿਤ ਹੁੰਦੀਆਂ ਹਨ।
b) ਦੰਤ ਕਥਾਵਾਂ ਵਿੱਚ ਨਿਰਜਿੰਦ ਵਸਤਾਂ ਰਾਹੀਂ ਉਪਦੇਸ਼ ਦਿੱਤਾ ਜਾਂਦਾ ਹੈ।
c) ਦੰਤ ਕਥਾਵਾਂ ਵਿੱਚ ਇਤਿਹਾਸਕ ਪਾਤਰ ਹੋ ਸਕਦੇ ਹਨ।
d) ਪੰਜਾਬ ਵਿੱਚ ਭਗਤ ਨਾਮਦੇਵ ਨਾਲ ਸੰਬੰਧਿਤ ਦੰਤ ਕਥਾਵਾਂ ਮਿਲਦੀਆਂ ਹਨ।

39. ਪਰੀ ਕਥਾਵਾਂ ਸੰਬੰਧੀ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਸਹੀ ਨਹੀਂ :
a) ਇਹ ਪੂਰਨ ਰੂਪ ਵਿੱਚ ਮਨੋਕਲਪਿਤ ਕਹਾਣੀਆਂ ਹੁੰਦੀਆਂ ਹਨ।
b) ਇਨ੍ਹਾਂ ਕਥਾਵਾਂ ਵਿੱਚ ਅਣਹੋਣੀਆਂ ਅਤੇ ਅਸੰਭਵ ਘਟਨਾਵਾਂ ਦੀ ਬਹੁਤਾਤ ਹੁੰਦੀ ਹੈ।
c) ਇਨ੍ਹਾਂ ਕਥਾਵਾਂ ਦੇ ਅੰਤ ਵਿੱਚ ਇਤਿਹਾਸਕ ਮਹੱਤਵ ਉਜਾਗਰ ਹੁੰਦਾ ਹੈ।
d) ਪੰਜਾਬੀ ਵਿੱਚ ਭਗਤ ਨਾਮਦੇਵ ਨਾਲ ਸੰਬੰਧਿਤ ਦੰਤ ਕਥਾਵਾਂ ਮਿਲਦੀਆਂ ਹਨ।

40. 'ਖਵਾਜ਼ਾ ਖਿਜ਼ਰ' ਬਾਰੇ ਹੇਠ ਲਿਖੀਆਂ ਵਿੱਚੋਂ ਕਿਹੜੀ ਧਾਰਨਾ ਲੋਕ ਮਨ ਦਾ ਹਿੱਸਾ ਨਹੀਂ ਹੈ।
a) ਇਹ ਪਾਣੀ ਦਾ ਦੇਵਤਾ ਮੰਨਿਆਂ ਜਾਂਦਾ ਹੈ।
b) ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਇਸ ਦੀ ਇੱਕ ਸਮਾਨ ਮਾਨਤਾ ਹੈ।
c) ਦਰਿਆਵਾਂ ਦੇ ਨੇੜੇ ਵਸਣ ਵਾਲੇ ਲੋਕ ਇਸ ਦੀ ਉਪਾਸ਼ਨਾ ਕਰਦੇ ਅਤੇ ਭੇਟਾ ਚੜ੍ਹਾਉਂਦੇ ਹਨ।
d) ਇਸਦਾ ਇੱਕ ਨਾਂ ਭੂਮੀਆ ਦੇਵਤਾ ਵੀ ਹੈ।

41. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਉਸਤਤਿ' ਦਾ ਸਮਾਨਾਰਥਕ ਨਹੀਂ ?
a) ਪਵਿੱਤਰ b) ਵਡਿਆਈ c) ਪ੍ਰਸ਼ੰਸਾ d) ਸ਼ਲਾਘਾ

42. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਨਫ਼ਾ' ਦਾ ਸਮਾਨਾਰਥਕ ਨਹੀਂ ?
a) ਮੁਨਾਫ਼ਾ b) ਲਾਭ c) ਖੁਮਾਰ d) ਫਾਇਦਾ

43. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਅਕਲਮੰਦ' ਦਾ ਵਿਰੋਧਾਰਥਕ ਸ਼ਬਦ ਹੈ ?
a) ਸਿਆਣਾ b) ਬੇਅਕਲ c) ਦਾਨਿਸ਼ d) ਬਾ-ਅਕਲ

44. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਊਣਾਂ' ਦਾ ਵਿਰੋਧਾਰਥਕ ਸ਼ਬਦ ਹੈ ?
a) ਉਨੀਂਦਰਾ b) ਭਰਿਆ c) ਸੱਜਰਾ d) ਕਾਗਜ਼ੀ

45. 'ਅਕਲ _____ ਵਿੱਚ ਹੋਣੀ।' ਇਸ ਮੁਹਾਵਰੇ ਨੂੰ ਪੂਰਾ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ਵਰਤਿਆ ਜਾਵੇਗਾ ?
a) ਸਿਰ b) ਅੱਖਾਂ c) ਗਿੱਟਿਆਂ d) ਪੇਟ

46. 'ਕੰਘਾ ਹੋਣਾ' ਮੁਹਾਵਰੇ ਦਾ ਅਰਥ ਹੈ :
a) ਵਾਲ ਸਾਫ਼ ਕਰਨਾ b) ਸਿਰ ਗੰਜਾ ਹੋਣਾ c) ਬਹੁਤ ਨੁਕਸਾਨ ਹੋਣਾ d) ਸ਼ਿੰਗਾਰ ਕਰਦੇ ਰਹਿਣਾ

47. 'ਨੱਕ ਨਾਲ ਲੀਕਾਂ ਕੱਢਣਾ' ਮੁਹਾਵਰੇ ਦਾ ਅਰਥ ਹੈ :
a) ਡਰ ਜਾਣਾ b) ਤੋਬਾ ਕਰਨੀ c) ਤੰਦਰੁਸਤ ਰਹਿਣਾ d) ਗਵਾਹੀ ਭਰਨਾ

48. 'ਬੱਗਾ ਪੀਲਾ ਹੋਣਾ' ਮੁਹਾਵਰਾ ਹੇਠ ਲਿਖਿਆਂ ਵਿੱਚੋਂ ਕਿਹੜੇ ਅਰਥਾਂ ਵਜੋਂ ਨਹੀਂ ਵਰਤਿਆ ਜਾਂਦਾ ?
a) ਬਿਮਾਰੀ ਕਾਰਨ ਨਿਰਬਲ ਹੋ ਜਾਣਾ b) ਡਰ ਨਾਲ ਰੰਗ ਉੱਡ ਜਾਣਾ
c) ਬੱਗਾ ਪੂਣੀ ਹੋਣਾ d) ਬੈਲਦ ਦਾ ਬਿਮਾਰ ਪੈ ਜਾਣਾ

49. '_____ਕੁੜੀ _____ ਢੰਡੋਰਾ।' ਇਸ ਅਖਾਣ ਨੂੰ ਪੂਰਾ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜੇ ਸ਼ਬਦ ਵਰਤੇ ਜਾਣਗੇ ?
a) ਕੁੱਛੜ, ਦੁਪਹਿਰੇ b) ਘਰ, ਨਾਨਕੇ c) ਕੁੱਛੜ, ਸ਼ਹਿਰ d) ਘਰ, ਸ਼ਹਿਰ

50. 'ਭੁੱਖੇ ਭੁੱਖੇ _____ ਪਾਈ ਦੋਹਾਂ ਨੂੰ _____ਆਈ। ' ਇਸ ਅਖਾਣ ਨੂੰ ਪੂਰਾ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜੇ ਸ਼ਬਦ ਵਰਤੇ ਜਾਣਗੇ ?
a) ਸਾਂਝੀ, ਦੁਨੀਆਂ ਦੇਖਣ b) ਜੱਫੀ, ਬੇਹੋਸ਼ੀ c) ਸੋਝੀ, ਦੁਨੀਆਂ ਦੇਖਣ d) ਜੱਫੀ, ਬੈਰਾਈ

The hourglass is made of 2 Δs which are equal in size

S P R Q

PART-B

1. Rearrange the parts of the sentence given below which are labelled (P), (Q), (R), and (S) to produce the correct sentence.
The hourglass is
two triangles (P) / in size (Q) / which are equal (R) / made of (S). The proper sequence should be:
a) PRQS b) SPRQ c) SPQR d) PRSQ

2. Out of the four given alternatives, select the one which best expresses the following sentence in indirect speech.
"Please don't go away", she said.
a) She said to please her and not go away.
b) She told me not go away.
c) She begged that I not go away.
d) She begged me not to go away.

3. Choose the right option which has words related in a similar way.
PREAMBLE : STATUTE : :
a) prologue : novel b) movement : sympathy c) sketch : drawing d) index : book

4. We hope not, because it is needless, _____ and a national disgrace that can happen every year. Choose the right word.
a) Avoidant b) avoidable c) avoidance d) avoided

5. She _____ been to America, has she ? Choose the appropriate verb.
a) hadn't b) hasn't c) haven't d) has

6. The idiom "sweep it under the rug" means :
a) pretend that the incident never happened
b) clear the dirt using a broom
c) move the garbage to the store room
d) acknowledge that the incident happened

7. Which of the following words is not a synonym for the word 'abominable' ? Antonym
a) admirable b) loathsome c) abhorrent d) horrible

8. She asked, "How's your father?" Convert to Indirect Speech. Choose the correct option.
a) She asked me how my father was.
b) She asked me how was my father.
c) She asked how was your father.
d) She asked me how were your father.

9. Mr. Arora is leaving _____ next month. Choose the appropriate article.
a) a b) an c) the d) no article

10. Of the two teams, they are the _____. Choose the appropriate adjective.
a) slow-moving b) slower-moving c) slowest-moving d) slow-move

11. Complete the sentence with correct grammatical usage : I prefer to _____ .
a) pay in cash b) pay by cash c) pay for cash d) pay within cash

12. In the following sentence, choose the exact meaning of the idiom/phrase :
When I saw him in the morning, he looked like a *duck in a thunderstorm*.
a) entrapped b) distressed c) indomitable d) timid

Directions(Q.Nos. 13-15): The following questions are based on the five three digit numbers given below:
ਦਿਸ਼ਾ-ਨਿਰਦੇਸ਼ (ਪ੍ਰ. ਨੰ. 13-15): ਹੇਠਾਂ ਦਿੱਤੇ ਸਵਾਲ, ਹੇਠਾਂ ਦਿੱਤੇ ਪੰਜ ਤਿੰਨ-ਅੰਕੀ ਵਾਲੇ ਨੰਬਰਾਂ 'ਤੇ ਅਧਾਰਤ ਹਨ :

472 549 659 437 645

13. If in each number, all the three digits are arranged in ascending order within the number, which of the following will be the second highest number ?
ਜੇ ਹਰ ਸੰਖਿਆ ਵਿੱਚ ਉਸ ਦੇ ਤਿੰਨੇ ਅੰਕ ਸੰਖਿਆ ਦੇ ਅੰਦਰ ਹੀ ਚੜ੍ਹਦੇ ਕ੍ਰਮ (Ascending Order) ਵਿੱਚ ਕ੍ਰਮਬੱਧ ਕੀਤੇ ਜਾਣ, ਤਾਂ ਹੇਠ ਲਿਖਿਆਂ ਵਿੱਚੋਂ ਦੂਜੀ ਸਭ ਤੋਂ ਵੱਡੀ ਸੰਖਿਆ ਕਿਹੜੀ ਹੋਵੇਗੀ ?
a) 472 b) 645 c) 437 d) 549

House of Aspirants | houseofaspirants.in | Free PSSSB, Punjab Police & PSTET preparation

14. If last two digits are interchanged in each number and 2 is subtracted from the first digit, which number will be lowest ?
ਜੇਕਰ ਹਰੇਕ ਸੰਖਿਆ ਦੇ ਆਖਰੀ ਦੋ ਅੰਕਾਂ ਨੂੰ ਬਦਲਿਆ ਜਾਵੇ ਅਤੇ ਪਹਿਲੇ ਅੰਕ ਵਿੱਚੋਂ 2 ਘਟਾ ਦਿੱਤਾ ਜਾਵੇ, ਤਾਂ ਕਿਹੜੀ ਸੰਖਿਆ ਸਭ ਤੋਂ ਘੱਟ ਹੋਵੇਗੀ ?

a) 472 b) 549 c) 650 d) 437

15. What will be result if first digit of second highest number and third digit of second lowest number are multiplied ?
ਜੇਕਰ ਦੂਜੀ ਸਭ ਤੋਂ ਵੱਡੀ ਸੰਖਿਆ ਦੇ ਪਹਿਲੇ ਅੰਕ ਅਤੇ ਦੂਜੀ ਸਭ ਤੋਂ ਛੋਟੀ ਸੰਖਿਆ ਦੇ ਤੀਜੇ ਅੰਕ ਨੂੰ ਗੁਣਾ ਕੀਤਾ ਜਾਵੇ ਤਾਂ ਕੀ ਨਤੀਜਾ ਨਿਕਲੇਗਾ ?

a) 12 b) 42 c) 10 d) 36

16. Identify the letter number pattern and find the missing letter number in the following :
ਅੱਖਰ ਦੇ ਨੰਬਰ ਪੈਟਰਨ ਦੀ ਪਛਾਣ ਕਰੋ ਅਤੇ ਹੇਠ ਲਿਖੇ ਵਿੱਚ ਗੁੰਮ ਹੋਏ ਅੱਖਰ ਨੰਬਰ ਨੂੰ ਲੱਭੋ :

Q1F, S2E, U6D, W24C, ?

a) Y120B b) Y44B c) Z88B d) Y66B

17. If $65x - 33y = 97$ and $33x - 65y = 1$, then what is xy equal to ?
ਜੇਕਰ $65x - 33y = 97$ ਅਤੇ $33x - 65y = 1$, ਤਾਂ xy ਕਿਸ ਦੇ ਬਰਾਬਰ ਹੈ ?

a) 2 b) 3 c) -2 d) -3

18. In a row of 21 boys, when Ram was shifted by four place towards the right. He became 12th from left end. What was his earlier position from the right end of the row ?
21 ਮੁੰਡਿਆਂ ਦੀ ਇੱਕ ਕਤਾਰ ਵਿੱਚ, ਜਦੋਂ ਰਾਮ ਨੂੰ ਸੱਜੇ ਪਾਸੇ ਚਾਰ ਸਥਾਨ ਖਿਸਕਾਇਆ ਗਿਆ । ਉਹ ਖੱਬੇ ਸਿਰੇ ਤੋਂ 12ਵਾਂ ਸਥਾਨ ਪ੍ਰਾਪਤ ਕਰਦਾ ਹੈ । ਕਤਾਰ ਦੇ ਸੱਜੇ ਸਿਰੇ ਤੋਂ ਉਸਦੀ ਪਹਿਲਾਂ ਦੀ ਸਥਿਤੀ ਕੀ ਸੀ ?

a) 10 b) 12 c) 11 d) 14

19. In a code language, "NAKED" is written as "84123" and "MISTAKE" is written as "9765412". Then, in the same language, how will "INTIMATE" be written ?
ਇੱਕ ਕੋਡ ਭਾਸ਼ਾ ਵਿੱਚ, "NAKED" ਨੂੰ "84123" ਅਤੇ "MISTAKE" ਨੂੰ "9765412" ਲਿਖਿਆ ਜਾਂਦਾ ਹੈ । ਫਿਰ, ਉਸੇ ਭਾਸ਼ਾ ਵਿੱਚ, "INTIMATE" ਕਿਵੇਂ ਲਿਖਿਆ ਜਾਵੇਗਾ ?

a) 78579452 b) 897826145 c) 79432163 d) 72698365

20. Ram leaves his house at 20 minutes to eight in the morning and reaches Sham's house in 25 minutes. They finish their breakfast in another 15 minutes and leave for their office, which takes another 35 minutes to reach. At what time do they leave Sham's house to reach their office ?
ਰਾਮ ਸਵੇਰੇ ਅੱਠ ਵਜਣ ਤੋਂ 20 ਮਿੰਟ ਪਹਿਲਾਂ ਆਪਣੇ ਘਰੋਂ ਨਿਕਲਦਾ ਹੈ ਅਤੇ 25 ਮਿੰਟ ਵਿੱਚ ਸ਼ਾਮ ਦੇ ਘਰ ਪਹੁੰਚਦਾ ਹੈ। ਉਹ 15 ਮਿੰਟਾਂ ਵਿੱਚ ਆਪਣਾ ਨਾਸ਼ਤਾ ਪੂਰਾ ਕਰਕੇ ਆਪਣੇ ਦਫ਼ਤਰ ਲਈ ਰਵਾਨਾ ਹੋ ਜਾਂਦੇ ਹਨ, ਜਿਸ ਤੱਕ ਪਹੁੰਚਣ ਵਿੱਚ ਹੋਰ 35 ਮਿੰਟ ਲੱਗਦੇ ਹਨ । ਉਹ ਸ਼ਾਮ ਦੇ ਘਰੋਂ ਆਪਣੇ ਦਫ਼ਤਰ ਪਹੁੰਚਣ ਲਈ ਕਿਸ ਸਮੇਂ ਨਿਕਲਦੇ ਹਨ ?


a) 8:20 AM b) 8:40 AM c) 9:15 AM d) 8:45 AM

21. Complete the following series :
ਹੇਠ ਲਿਖੀ ਲੜੀ ਪੂਰੀ ਕਰੋ :

6, 12, 36, 144, 720, ... ?

a) 4320 b) 2843 c) 8249 d) 6825

22. Find the correct alternative which will replace the question mark ?
ਸਹੀ ਵਿਕਲਪ ਲੱਭੋ ਜੋ ਪ੍ਰਸ਼ਨ-ਚਿੰਨ੍ਹ ਦੀ ਥਾਂ ਲਵੇਗਾ ?



a) 49 b) 33 c) 27 d) 44

23. Arrange the following words in a meaningful logical order and then select the appropriate sequence from the alternatives :

I. Consultation II. Illness III. Doctor IV. Treatment V. Recovery

a) II, III, I, IV, V b) II, III, IV, I, V c) IV, III, I, II, V d) V, I, IV, III, II

House of Aspirants | houseofaspirants.in | Free PSSSB, Punjab Police & PSTET preparation

ਹੇਠ ਲਿਖੇ ਸ਼ਬਦਾਂ ਨੂੰ ਇੱਕ ਅਰਥਪੂਰਨ ਤਰਕਪੂਰਨ ਕ੍ਰਮ ਵਿੱਚ ਤਰਤੀਬਵਾਰ ਕਰੋ ਅਤੇ ਫਿਰ ਵਿਕਲਪਾਂ ਵਿੱਚੋਂ ਚੁਕਵਾਂ ਕ੍ਰਮ ਚੁਣੋ:

I. ਸਲਾਹ-ਮਸ਼ਵਰਾ II. ਬਿਮਾਰੀ III. ਡਾਕਟਰ IV. ਇਲਾਜ V. ਰਿਕਵਰੀ

a) II, III, I, IV, V b) II, III, IV, I, V c) IV, III, I, II, V d) V, I, IV, III, II

24. If the radius of the circle is increased by 50%, then the area is increased by :
ਜੇ ਵ੍ਰਿਤ ਦੇ ਅਰਧ-ਵਿਆਸ ਵਿੱਚ 50% ਦੀ ਵਾਧਾ ਕੀਤਾ ਜਾਵੇ, ਤਾਂ ਇਸ ਦਾ ਖੇਤਰਫਲ ਕਿੰਨੇ ਪ੍ਰਤੀਸ਼ਤ ਵੱਧੇਗਾ ?

a) 50 % b) 100 % c) 125 % d) 150 %

25. A mirror is placed in front of the clock, the clock shows time 5:40. What time will be of its reflection in the mirror ?
ਘੜੀ ਦੇ ਸਾਹਮਣੇ ਇੱਕ ਸ਼ੀਸ਼ਾ ਰੱਖਿਆ ਗਿਆ ਹੈ, ਘੜੀ 5:40 ਦਾ ਸਮਾਂ ਦਿਖਾਉਂਦੀ ਹੈ। ਸ਼ੀਸ਼ੇ ਵਿੱਚ ਇਸਦਾ ਪ੍ਰਤੀਬਿੰਬ ਕਿੰਨਾ ਸਮਾਂ ਹੋਵੇਗਾ ?

a) 4 : 40 b) 6 : 40 c) 6 : 20 d) 7 : 20

26. The LCM of two numbers is 12 times their HCF. The sum of the HCF and the LCM is 403. If one of the numbers is 93, then the other number is :
ਦੋ ਸੰਖਿਆਵਾਂ ਦਾ LCM ਉਹਨਾਂ ਦੇ HCF ਦਾ 12 ਗੁਣਾ ਹੈ। HCF ਅਤੇ LCM ਦਾ ਜੋੜ 403 ਹੈ। ਜੇਕਰ ਇੱਕ ਸੰਖਿਆ 93 ਹੈ, ਤਾਂ ਦੂਜੀ ਸੰਖਿਆ ਹੈ :

a) 124 b) 128 c) 134 d) 138

27. If the price of rice rises by 25%, then by how many percent must a man reduce his consumption in order to keep his budget the same as before ?
ਜੇਕਰ ਚੌਲਾਂ ਦੀ ਕੀਮਤ 25% ਵਧ ਜਾਂਦੀ ਹੈ, ਤਾਂ ਇੱਕ ਆਦਮੀ ਨੂੰ ਆਪਣਾ ਬਜਟ ਪਹਿਲਾਂ ਵਾਂਗ ਰੱਖਣ ਲਈ ਆਪਣੀ ਖਪਤ ਨੂੰ ਕਿੰਨੇ ਪ੍ਰਤੀਸ਼ਤ ਘਟਾਉਣਾ ਚਾਹੀਦਾ ਹੈ ?

a) 15% b) 20% c) 25% d) 30%

28. Rs. 120 is distributed among X, Y and Z so that X's share is Rs. 20 more than Y's and Rs 20 less than Z's. What is Y's share ?
120 ਰੁਪਏ X, Y ਅਤੇ Z ਵਿੱਚ ਇਸ ਤਰਾਂ ਵੰਡੇ ਜਾਂਦੇ ਹਨ, ਤਾਂ ਜੋ X ਦਾ ਹਿੱਸਾ Y ਨਾਲੋਂ 20 ਰੁਪਏ ਵੱਧ ਅਤੇ Z ਨਾਲੋਂ 20 ਰੁਪਏ ਘੱਟ ਹੋਵੇ। ਤਾਂ Y ਦਾ ਹਿੱਸਾ ਕੀ ਹੈ ?

a) Rs. 10 b) Rs. 15 c) Rs. 20 d) Rs. 25

29. In a class of 45 students, 34 like to play cricket and 26 like to play football. Further, each students likes to play at least one of the two games. How many students like to play exactly one game ?
45 ਵਿਦਿਆਰਥੀਆਂ ਦੀ ਇੱਕ ਕਲਾਸ ਵਿੱਚ, 34 ਕ੍ਰਿਕਟ ਖੇਡਣਾ ਪਸੰਦ ਕਰਦੇ ਹਨ ਅਤੇ 26 ਫੁੱਟਬਾਲ ਖੇਡਣਾ ਪਸੰਦ ਕਰਦੇ ਹਨ। ਇਸ ਤੋਂ ਇਲਾਵਾ, ਹਰੇਕ ਵਿਦਿਆਰਥੀ ਦੇ ਖੇਡਾਂ ਵਿੱਚੋਂ ਘੱਟੋ-ਘੱਟ ਇੱਕ ਖੇਡਣਾ ਪਸੰਦ ਕਰਦਾ ਹੈ। ਕਿੰਨੇ ਵਿਦਿਆਰਥੀ ਇੱਕ ਹੀ ਖੇਡ ਖੇਡਣਾ ਪਸੰਦ ਕਰਦੇ ਹਨ ?

a) 15 b) 45 c) 30 d) 25

30. A bag contains Rs. 5, Rs. 2 and Rs. 1 coins in the ratio of 3 : 4 : 5. The total value of all the coins is Rs. 2100. How many coins of Rs. 2 are there in the bag ?
ਇੱਕ ਥੈਲੇ ਵਿੱਚ 5 ਰੁਪਏ, 2 ਰੁਪਏ ਅਤੇ 1 ਰੁਪਏ ਦੇ ਸਿੱਕੇ 3 : 4 : 5 ਦੇ ਅਨੁਪਾਤ ਵਿੱਚ ਹਨ। ਸਾਰੇ ਸਿੱਕਿਆਂ ਦੀ ਕੁੱਲ ਕੀਮਤ 2100 ਰੁਪਏ ਹੈ। ਥੈਲੇ ਵਿੱਚ 2 ਰੁਪਏ ਦੇ ਕਿੰਨੇ ਸਿੱਕੇ ਹਨ ?

a) 250 b) 345 c) 225 d) 300

31. The year 2036 will have the same calendar as that of :
ਸਾਲ 2036 ਦਾ ਕੈਲੰਡਰ ਉਹੀ ਹੋਵੇਗਾ ਜੋ ਕਿ :

a) 1952 b) 2006 c) 1988 d) 2009

32. During the first year, the population of a village is increased by 6% and the second year, it is diminished by 5%. At the end of the second year, its population was 60420. What was the population at the beginning of the first year ?
ਪਹਿਲੇ ਸਾਲ ਦੌਰਾਨ, ਇੱਕ ਪਿੰਡ ਦੀ ਆਬਾਦੀ 6% ਵਧ ਜਾਂਦੀ ਹੈ ਅਤੇ ਦੂਜੇ ਸਾਲ, ਇਹ 5% ਘੱਟ ਜਾਂਦੀ ਹੈ। ਦੂਜੇ ਸਾਲ ਦੇ ਅੰਤ ਵਿੱਚ, ਇਸਦੀ ਆਬਾਦੀ 60420 ਸੀ। ਪਹਿਲੇ ਸਾਲ ਦੀ ਸ਼ੁਰੂਆਤ ਵਿੱਚ ਆਬਾਦੀ ਕਿੰਨੀ ਸੀ ?

a) 48500 b) 58660 c) 60000 d) 66000

33. Find the side of the largest possible square slabs which can be paved on the floor of a room 3 m 50 cm long and 2 m 50 cm broad. Also find the number of such slabs to pave the floor.

a) 25, 40 b) 30, 35 c) 50, 45 d) 55, 20

House of Aspirants | houseofaspirants.in | Free PSSSB, Punjab Police & PSTET preparation

3 ਮੀਟਰ 50 ਸੈਂਟੀਮੀਟਰ ਲੰਬੇ ਅਤੇ 2 ਮੀਟਰ 50 ਸੈਂਟੀਮੀਟਰ ਚੌੜੇ ਕਮਰੇ ਦੇ ਫਰਸ਼ 'ਤੇ ਸਭ ਤੋਂ ਵੱਡੇ ਸੰਭਵ ਵਰਗਾਕਾਰ ਸਲੈਬਾਂ ਦਾ ਪਾਸਾ ਲੱਭੋ। ਫਰਸ਼ ਨੂੰ ਪੱਕਾ ਕਰਨ ਲਈ ਅਜਿਹੀਆਂ ਸਲੈਬਾਂ ਦੀ ਗਿਣਤੀ ਵੀ ਦੱਸੋ।

a) 25, 40 b) 30, 35 c) 50, 45 d) 55, 20

34. The annual income of a person decreases by Rs. 75 if the annual rate of interest decreases from 5% to 4.5%. What is the original annual income ?
ਸਾਲਾਨਾ ਵਿਆਜ ਦਰ 5% ਤੋਂ 4.5% ਤੱਕ ਘਟ ਜਾਣ ਨਾਲ ਕਿਸੇ ਵਿਅਕਤੀ ਦੀ ਸਾਲਾਨਾ ਆਮਦਨ 75 ਰੁਪਏ ਘੱਟ ਜਾਂਦੀ ਹੈ। ਉਸਦੀ ਅਸਲ ਸਾਲਾਨਾ ਆਮਦਨ ਕਿੰਨੀ ਹੈ ?

a) Rs. 15000 b) Rs. 15500 c) Rs. 25000 d) 25500

Directions (Q.Nos. 35-37) : The proportion of male student and proportion of vegetarian in a school are given below. The school has a total of 800 students, 80% of whom are in the Secondary Section and rest equally divided between Class 11 and 12.
ਦਿਸ਼ਾ ਨਿਰਦੇਸ਼ (ਪ੍ਰ. ਨੰ. 35-37): ਇੱਕ ਸਕੂਲ ਵਿੱਚ ਪੁਰਸ਼ ਵਿਦਿਆਰਥੀਆਂ ਦਾ ਅਨੁਪਾਤ ਅਤੇ ਸ਼ਾਕਾਹਾਰੀ ਲੋਕਾਂ ਦਾ ਅਨੁਪਾਤ ਹੇਠਾਂ ਦਿੱਤਾ ਗਿਆ ਹੈ। ਸਕੂਲ ਵਿੱਚ ਕੁੱਲ 800 ਵਿਦਿਆਰਥੀ ਹਨ, ਜਿਨ੍ਹਾਂ ਵਿੱਚੋਂ 80% ਸੈਕੰਡਰੀ ਸੈਕਸ਼ਨ ਵਿੱਚ ਹਨ ਅਤੇ ਬਾਕੀ 11ਵੀਂ ਅਤੇ 12ਵੀਂ ਜਮਾਤ ਵਿੱਚ ਬਰਾਬਰ ਵੰਡੇ ਹੋਏ ਹਨ।

	Male students/ਪੁਰਸ਼ ਵਿਦਿਆਰਥੀਆਂ	**Vegetarian**/ਸ਼ਾਕਾਹਾਰੀ
Class 12 / 12ਵੀਂ ਜਮਾਤ	0.60	0.40
Class 11 / 11ਵੀਂ ਜਮਾਤ	0.55	0.50
Secondary Section/ਸੈਕੰਡਰੀ ਸੈਕਸ਼ਨ		0.55
Total / ਕੁੱਲ	0.475	0.53

35. What is the percentage of vegetarian students in class 12 ?
12ਵੀਂ ਜਮਾਤ ਵਿੱਚ ਸ਼ਾਕਾਹਾਰੀ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ ਕਿੰਨੀ ਹੈ ?

a) 40 b) 45 c) 50 d) 55

36. In class 12, 25% of the vegetarian are male. What is the difference between number of female vegetarian and male non-vegetarian ?
12ਵੀਂ ਜਮਾਤ ਵਿੱਚ, 25% ਸ਼ਾਕਾਹਾਰੀ ਪੁਰਸ਼ ਹਨ। ਸ਼ਾਕਾਹਾਰੀ ਔਰਤਾਂ ਅਤੇ ਮਾਸਾਹਾਰੀ ਮਰਦਾਂ ਦੀ ਗਿਣਤੀ ਵਿੱਚ ਕੀ ਅੰਤਰ ਹੈ ?

a) 10 b) 12 c) 14 d) 16

37. What is the percentage of male students in Secondary Section ?
ਸੈਕੰਡਰੀ ਸੈਕਸ਼ਨ ਵਿੱਚ ਪੁਰਸ਼ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ ਕਿੰਨੀ ਹੈ ?

a) 40 b) 45 c) 50 d) 55

38. According to the Election Commission of India, in order to be recognised as a "National Party", a political party must be treated as a recognised political party in how many States ?
ਭਾਰਤ ਦੇ ਚੋਣ ਕਮਿਸ਼ਨ ਦੇ ਅਨੁਸਾਰ, "ਰਾਸ਼ਟਰੀ ਪਾਰਟੀ" ਵਜੋਂ ਮਾਨਤਾ ਪ੍ਰਾਪਤ ਕਰਨ ਲਈ, ਇੱਕ ਰਾਜਨੀਤਿਕ ਪਾਰਟੀ ਨੂੰ ਕਿੰਨੇ ਰਾਜਾਂ ਵਿੱਚ ਇੱਕ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਵਜੋਂ ਮੰਨਿਆ ਜਾਣਾ ਚਾਹੀਦਾ ਹੈ ?

a) At least two States b) At least three States c) At least four States d) At least five States
a) ਘੱਟੋ-ਘੱਟ ਦੋ ਰਾਜ b) ਘੱਟੋ-ਘੱਟ ਤਿੰਨ ਰਾਜ c) ਘੱਟੋ-ਘੱਟ ਚਾਰ ਰਾਜ d) ਘੱਟੋ-ਘੱਟ ਪੰਜ ਰਾਜ

39. Which one among the following Articles of the Constitution deals with the disqualification of a Member of Parliament ?
ਹੇਠਾਂ ਦਿੱਤੀਆਂ ਵਿੱਚੋਂ ਸੰਵਿਧਾਨ ਦੀ ਕਿਹੜੀ ਧਾਰਾ ਸੰਸਦ ਦੇ ਮੈਂਬਰ ਦੀ ਅਯੋਗਤਾ ਨਾਲ ਸੰਬੰਧਿਤ ਹੈ ?

a) 101 b) 102 c) 103 d) 105

40. Which of the following provision needs a special majority in Parliament ?

a) Creation of New States c) Rules and Procedures in Parliament
b) Abolition of Legislative Councils in State d) Change in Fundamental Rights
ਹੇਠ ਲਿਖਿਆਂ ਵਿੱਚੋਂ ਕਿਸ ਪ੍ਰਾਵਧਾਨ ਲਈ ਸੰਸਦ ਵਿੱਚ ਵਿਸ਼ੇਸ਼ ਬਹੁਮਤ ਦੀ ਲੋੜ ਹੈ ?

a) ਨਵੇਂ ਰਾਜਾਂ ਦੀ ਸਿਰਜਣਾ c) ਸੰਸਦ ਵਿੱਚ ਨਿਯਮ ਅਤੇ ਪ੍ਰਕਿਰਿਆਵਾਂ
b) ਰਾਜ ਵਿੱਚ ਵਿਧਾਨ ਪਰਿਸ਼ਦਾਂ ਦੀ ਸਮਾਪਤੀ d) ਮੌਲਿਕ ਅਧਿਕਾਰਾਂ ਵਿੱਚ ਤਬਦੀਲੀ

House of Aspirants | houseofaspirants.in | Free PSSSB, Punjab Police & PSTET preparation

41. According to the India State of Forest Report (ISFR) 2023, which State recorded the highest increase in *forest and tree cover combined* ?

a) Odisha b) Chhattisgarh c) Andhra Pradesh d) Madhya Pradesh

ਇੰਡੀਆ ਸਟੇਟ ਆਫ਼ ਫ਼ਾਰੈਸਟ ਰਿਪੋਰਟ (ISFR) 2023 ਦੇ ਅਨੁਸਾਰ, ਹੇਠਾਂ ਦਿੱਤਿਆਂ ਵਿੱਚੋਂ ਕਿਹੜੇ ਰਾਜ ਵਿੱਚ *ਜੰਗਲ ਅਤੇ ਦਰੱਖਤ ਕਵਰ (ਮਿਲਾ ਕੇ)* ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ ?

a) ਓਡੀਸ਼ਾ b) ਛੱਤੀਸਗੜ੍ਹ c) ਆਂਧਰਾ ਪ੍ਰਦੇਸ਼ d) ਮੱਧ ਪ੍ਰਦੇਸ਼

42. Which of the following substances is primarily responsible for depletion of the ozone layer in the stratosphere ?

a) Methane b) Carbon monoxide c) Sulphur dioxide d) Chlorofluorocarbons

ਹੇਠਾਂ ਦਿੱਤੀਆਂ ਵਿੱਚੋਂ ਕਿਹੜਾ ਪਦਾਰਥ ਮੁੱਖ ਤੌਰ 'ਤੇ ਸਮਤਾਪ ਮੰਡਲ (Stratosphere) ਵਿੱਚ ਓਜ਼ੋਨ ਪਰਤ ਦੇ ਘਟਾਓ ਲਈ ਜ਼ਿੰਮੇਵਾਰ ਹੈ ?

a) ਮੀਥੇਨ b) ਕਾਰਬਨ ਮੋਨੋਆਕਸਾਈਡ c) ਗੰਧਕ ਡਾਈਆਕਸਾਈਡ d) ਕਲੋਰੋਫਲੂਓਰੋਕਾਰਬਨ

43. Which among the following is most polluting industry in India among the four ?

a) Cement b) Synthetic Rubber c) Food Processing d) Paint production

ਭਾਰਤ ਵਿੱਚ ਇਹਨਾਂ ਚਾਰਾਂ ਵਿੱਚੋਂ ਕਿਹੜਾ ਉਦਯੋਗ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਂਦਾ ਹੈ ?

a) ਸੀਮਿੰਟ b) ਸਿੰਥੈਟਿਕ ਰਬੜ c) ਫੂਡ ਪ੍ਰੋਸੈਸਿੰਗ d) ਪੇਂਟ ਉਤਪਾਦਨ

44. Measuring BOD (Biochemical Oxygen Demand) is primarily used to :

a) assess organic pollution in water bodies c) determining the level of dissolved oxygen
b) estimating the type of microbes d) assess soil pollution BOD

ਬਾਇਓਕੈਮੀਕਲ ਆਕਸੀਜਨ ਦੀ ਮੰਗ (BOD) ਨੂੰ ਮਾਪਣਾ ਪ੍ਰਾਥਮਿਕ ਤੌਰ 'ਤੇ ।

a) ਜਲ ਸਰੋਤਾਂ ਵਿੱਚ ਜੈਵਿਕ ਪ੍ਰਦੂਸ਼ਣ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ ।

b) ਰੋਗਾਣੂਆਂ ਦੀ ਕਿਸਮ ਦਾ ਅੰਦਾਜ਼ਾ ਲਗਾਉਣ ਲਈ ਵਰਤਿਆ ਜਾਂਦਾ ਹੈ ।

c) ਘੁਲਣਸ਼ੀਲ ਆਕਸੀਜਨ ਦੇ ਪੱਧਰ ਦਾ ਪਤਾ ਲਗਾਉਣ ਲਈ ਵਰਤਿਆ ਜਾਂਦਾ ਹੈ ।

d) ਮਿੱਟੀ ਪ੍ਰਦੂਸ਼ਣ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ ।

45. Which one of the following is India's indigenously designed and developed long-range subsonic cruise missile which can be deployed from multiple platforms ?

a) Astra b) Akash c) Nirbhay d) Shankhnaad

ਇਹਨਾਂ ਵਿੱਚੋਂ ਕਿਹੜੀ ਭਾਰਤ ਦੀ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਕੀਤੀ ਅਤੇ ਵਿਕਸਤ ਲੰਬੀ ਦੂਰੀ ਦੀ ਸਬਸੋਨਿਕ ਕਰੂਜ਼ ਮਿਜ਼ਾਈਲ ਹੈ, ਜਿਸਨੂੰ ਕਈ ਪਲੇਟਫਾਰਮਾਂ ਤੋਂ ਤਾਇਨਾਤ ਕੀਤਾ ਜਾ ਸਕਦਾ ਹੈ ?

a) ਅਸਤਰ b) ਆਕਾਸ਼ c) ਨਿਰਭੈ d) ਸ਼ੰਖਨਾਦ

46. India's Chandrayaan-3 made a soft landing near the lunar south pole on the moon, making India the ____ country to do so.

a) third b) second c) fourth d) first

ਭਾਰਤ ਦੇ ਚੰਦਰਯਾਨ-3 ਨੇ ਚੰਦਰਮਾ ਦੇ ਦੱਖਣੀ ਧਰੁਵ ਦੇ ਨੇੜੇ ਇੱਕ ਸੁਰਖਿਅਤ ਉਤਾਰਾ(soft landing) ਕੀਤਾ, ਜਿਸ ਨਾਲ ਭਾਰਤ ਅਜਿਹਾ ਕਰਨ ਵਾਲਾ ____ ਦੇਸ਼ ਬਣ ਗਿਆ ।

a) ਤੀਜਾ b) ਦੂਜਾ c) ਚੌਥਾ d) ਪਹਿਲਾ

47. The leading producer state of food grains in India in the year 2024 was :

a) Punjab b) Uttar Pradesh c) Madhya Pradesh d) Maharashtra

ਸਾਲ 2024 ਵਿੱਚ ਭਾਰਤ ਵਿੱਚ ਖਾਦ ਅਨਾਜਾਂ ਦਾ ਸਭ ਤੋਂ ਵੱਡਾ ਉਤਪਾਦਕ ਰਾਜ ਕਿਹੜਾ ਸੀ ?

a) ਪੰਜਾਬ b) ਉੱਤਰ ਪ੍ਰਦੇਸ਼ c) ਮੱਧ ਪ੍ਰਦੇਸ਼ d) ਮਹਾਰਾਸ਼ਟਰ

48. The Punjab government scheme which promotes girls in completing their education is :

a) Mai Bhago Vidya Scheme c) Punjab Dependent Children Scheme
b) Punjab Ashirwad Scheme d) Bhagwant Mann Sarkar Tuhade Dwaar Scheme

ਪੰਜਾਬ ਸਰਕਾਰ ਦੀ ____ ਸਕੀਮ ਜੋ ਲੜਕੀਆਂ ਨੂੰ ਆਪਣੀ ਸਿੱਖਿਆ ਪੂਰੀ ਕਰਨ ਲਈ ਉਤਸ਼ਾਹਿਤ ਕਰਦੀ ਹੈ ।

a) ਮਾਈ ਭਾਗੋ ਵਿਦਿਆ ਸਕੀਮ c) ਪੰਜਾਬ ਨਿਰਭਰ ਬੱਚੇ ਸਕੀਮ
b) ਪੰਜਾਬ ਆਸ਼ੀਰਵਾਦ ਸਕੀਮ d) ਭਗਵੰਤ ਮਾਨ ਸਰਕਾਰ ਤੁਹਡੇ ਦੁਆਰ ਸਕੀਮ

49. Which one of the following elements is used as a timekeeper in atomic clocks ?

a) Potassium b) Caesium c) Calcium d) Magnesium

House of Aspirants | houseofaspirants.in | Free PSSSB, Punjab Police & PSTET preparation

ਪਰਮਾਣੂ ਘੜੀਆਂ ਵਿੱਚ ਟਾਈਮਕੀਪਰ ਵਜੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਵਰਤਿਆ ਜਾਂਦਾ ਹੈ ?

a) ਪੋਟਾਸ਼ੀਅਮ b) ਸੀਜ਼ੀਅਮ c) ਕੈਲਸ਼ੀਅਮ d) ਮੈਗਨੀਸ਼ੀਅਮ

50. When a stone tied to a string is whirled in a circle, the work done on it by the string :

a) is zero b) is positive c) is negative d) depends on the mass of the stone

ਜਦੋਂ ਇੱਕ ਰੱਸੀ ਨਾਲ ਬੰਨ੍ਹੇ ਹੋਏ ਪੱਥਰ ਨੂੰ ਇੱਕ ਚੱਕਰ ਵਿੱਚ ਘੁੰਮਾਇਆ ਜਾਂਦਾ ਹੈ, ਤਾਂ ਰੱਸੀ ਦੁਆਰਾ ਇਸ 'ਤੇ ਕੀਤਾ ਗਿਆ ਕੰਮ :

a) ਜ਼ੀਰੋ ਹੈ b) ਸਕਾਰਾਤਮਕ ਹੈ c) ਨਕਾਰਾਤਮਕ ਹੈ d) ਪੱਥਰ ਦੇ ਪੁੰਜ 'ਤੇ ਨਿਰਭਰ ਕਰਦਾ ਹੈ

51. Which one of the following is an example of airborne disease ?

a) Tuberculosis b) Cholera c) Malaria d) Dengue

ਇਹਨਾਂ ਵਿੱਚੋਂ ਕਿਹੜਾ ਹਵਾ ਨਾਲ ਹੋਣ ਵਾਲੀ ਬਿਮਾਰੀ ਦਾ ਉਦਾਹਰਨ ਹੈ ?

a) ਤਪਦਿਕ b) ਹੈਜ਼ਾ c) ਮਲੇਰੀਆ d) ਡੇਂਗੂ

52. Which one of the following is a good statistic to evaluate where an economy stands in the financial cycle ?

a) Tax / GDP Ratio c) Fiscal Deficit / GDP Ratio
b) Credit / GDP Ratio d) Household Consumption / GDP Ratio

ਵਿੱਤੀ ਚੱਕਰ ਵਿੱਚ ਇੱਕ ਅਰਥਵਿਵਸਥਾ ਕਿੱਥੇ ਖੜ੍ਹੀ ਹੈ, ਇਸਦਾ ਮੁਲਾਂਕਣ ਕਰਨ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਚੰਗਾ ਅੰਕੜਾ ਹੈ ?

a) ਟੈਕਸ / ਜੀ.ਡੀ.ਪੀ. ਅਨੁਪਾਤ c) ਵਿੱਤੀ ਘਾਟਾ / ਜੀ.ਡੀ.ਪੀ. ਅਨੁਪਾਤ
b) ਕ੍ਰੈਡਿਟ / ਜੀ.ਡੀ.ਪੀ. ਅਨੁਪਾਤ d) ਘਰੇਲੂ ਖਪਤ / ਜੀ.ਡੀ.ਪੀ. ਅਨੁਪਾਤ

53. Union Budget 2025 increased the Sectoral cap of Foreign Direct Investment(FDI) to 100 percent from 74 percent for :

a) Defence Sector b) Insurance Sector c) Telecom Sector d) Power Sector

ਕੇਂਦਰੀ ਬਜਟ 2025 ਨੇ _____ ਵਿੱਚ ਵਿਦੇਸ਼ੀ ਸਿੱਧੇ ਨਿਵੇਸ਼ (FDI) ਦੀ ਖੇਤਰੀ ਸੀਮਾ ਨੂੰ 74 ਪ੍ਰਤੀਸ਼ਤ ਤੋਂ ਵਧਾ ਕੇ 100 ਪ੍ਰਤੀਸ਼ਤ ਕਰ ਦਿੱਤਾ ਹੈ।

a) ਰੱਖਿਆ ਖੇਤਰ b) ਬੀਮਾ ਖੇਤਰ c) ਦੂਰਸੰਚਾਰ ਖੇਤਰ d) ਬਿਜਲੀ ਖੇਤਰ

54. Who presided over the inaugural session of All India Trade Union Congress at Bombay ?

a) Lala Lajpat Rai b) N. M. Joshi c) S. A. Dange d) B. Shiva Rao

ਬੰਬਈ ਵਿਖੇ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਿਸਨੇ ਕੀਤੀ ?

a) ਲਾਲਾ ਲਾਜਪਤ ਰਾਏ b) ਐਨ. ਐਮ. ਜੋਸ਼ੀ c) ਐਸ. ਏ. ਡਾਂਗੇ d) ਬੀ. ਸ਼ਿਵਾ ਰਾਓ

55. Which year marks the annexation of Punjab into British Indian territories ?

ਕਿਸ ਸਾਲ ਪੰਜਾਬ ਨੂੰ ਬ੍ਰਿਟਿਸ਼ ਭਾਰਤੀ ਇਲਾਕਿਆਂ ਵਿੱਚ ਸ਼ਾਮਲ ਕੀਤਾ ਗਿਆ ?

a) 1846 b) 1849 c) 1857 d) 1837

56. Which city will host the 2026 Commonwealth games ?

a) Glasgow b) Melbourne c) Hamilton d) Birmingham

ਕਿਹੜਾ ਸ਼ਹਿਰ 2026 ਦੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰੇਗਾ ?

a) ਗਲਾਸਗੋ b) ਮੈਲਬੌਰਨ c) ਹੈਮਿਲਟਨ d) ਬਰਮਿੰਘਮ

57. Who won a gold medal for India in the javelin throw at the Paris Paralympics 2024 ?

a) Sumit Antil b) Neeraj Chopra c) Navdeep Singh d) Sandeep Chaudhary

ਪੈਰਿਸ ਪੈਰਾਲੰਪਿਕ 2024 ਵਿੱਚ ਜੈਵਲਿਨ ਥ੍ਰੋਅ ਵਿੱਚ ਭਾਰਤ ਲਈ ਸੋਨ ਤਗ਼ਮਾ ਕਿਸਨੇ ਜਿੱਤਿਆ ?

a) ਸੁਮਿਤ ਅੰਤਿਲ b) ਨੀਰਜ ਚੋਪੜਾ c) ਨਵਦੀਪ ਸਿੰਘ d) ਸੰਦੀਪ ਚੌਧਰੀ

58. Which was the first Indian film to be nominated for the Academy Award for Best Foreign Language Film ?

a) Lagaan b) Mother India c) Salaam Bombay d) RRR

ਅਕੈਡਮੀ ਅਵਾਰਡ (ਆਸਕਰ) ਦੀ ਸਰਵੋਤਮ ਵਿਦੇਸ਼ੀ ਭਾਸ਼ਾ ਫ਼ਿਲਮ ਸ਼੍ਰੇਣੀ ਲਈ ਨਾਮਜ਼ਦ ਹੋਣ ਵਾਲੀ ਪਹਿਲੀ ਭਾਰਤੀ ਫ਼ਿਲਮ ਕਿਹੜੀ ਸੀ ?

a) ਲਗਾਨ b) ਮਦਰ ਇੰਡੀਆ c) ਸਲਾਮ ਬੰਬੇ d) ਆਰ.ਆਰ.ਆਰ.

59. Which section of the International Film Festival of India (IFFI) showcases the best of contemporary Indian cinema ?

a) World Cinema b) Kaleidoscope c) Indian Panorama d) Retrospective

House of Aspirants | houseofaspirants.in | Free PSSSB, Punjab Police & PSTET preparation

ਅੰਤਰਰਾਸ਼ਟਰੀ ਭਾਰਤੀ ਫ਼ਿਲਮ ਮੇਲਾ (IFFI) ਦਾ ਕਿਹੜਾ ਭਾਗ ਆਧੁਨਿਕ ਭਾਰਤੀ ਸਿਨੇਮਾ ਦੇ ਸਭ ਤੋਂ ਵਧੀਆ ਕੰਮ ਨੂੰ ਪ੍ਰਦਰਸ਼ਿਤ ਕਰਦਾ ਹੈ ?

a) ਵਰਲਡ ਸਿਨੇਮਾ b) ਕੈਲੀਡੋਸਕੋਪ c) ਇੰਡੀਅਨ ਪੈਨੋਰਾਮਾ d) ਰੈਟਰੋਸਪੈਕਟਿਵ

60. Which of the following places of India experiences highest atmospheric pressure during winter ?

a) Jaisalmer b) Leh c) Chennai d) Guwahati

ਭਾਰਤ ਦੇ ਕਿਹੜੇ ਸਥਾਨ 'ਤੇ ਸਰਦੀਆਂ ਦੌਰਾਨ ਸਭ ਤੋਂ ਵੱਧ ਵਾਯੂਮੰਡਲ ਦਾ ਦਬਾਅ ਹੁੰਦਾ ਹੈ ?

a) ਜੈਸਲਮੇਰ b) ਲੇਹ c) ਚੇਨਈ d) ਗੁਹਾਟੀ

61. The "Durand Line" is a border demarcation that separates which of the following countries ?

a) Afghanistan and Pakistan c) Afghanistan and Iran
b) India and Pakistan d) India and China

"ਡੁਰੈਂਡ ਲਾਈਨ" ਇੱਕ ਸਰਹੱਦੀ ਹੱਦਬੰਦੀ ਹੈ ਜੋ ਹੇਠ ਲਿਖਿਆਂ ਵਿੱਚੋਂ ਕਿਹੜੇ ਦੇਸ਼ਾਂ ਨੂੰ ਵੱਖ ਕਰਦੀ ਹੈ ?

a) ਅਫਗਾਨਿਸਤਾਨ ਅਤੇ ਪਾਕਿਸਤਾਨ c) ਅਫਗਾਨਿਸਤਾਨ ਅਤੇ ਈਰਾਨ
b) ਭਾਰਤ ਅਤੇ ਪਾਕਿਸਤਾਨ d) ਭਾਰਤ ਅਤੇ ਚੀਨ

62. The evidence of a ploughed field at Kalibangan in Rajasthan is of which period ?

a) Chalcolithic b) Late Harappan c) Early Harappan d) Mature Harappan

ਰਾਜਸਥਾਨ ਦੇ ਕਾਲੀਬਾਂਗਨ ਵਿਖੇ ਕਿਸ ਕਾਲ ਤੋਂ ਵਾਹੇ ਹੋਏ ਖੇਤ ਦਾ ਸਬੂਤ ਮਿਲਦਾ ਹੈ ?

a) ਕੈਲਕੋਲਿਥਿਕ b) ਦੇਰ ਹੜੱਪਨ c) ਸ਼ੁਰੂਆਤੀ ਹੜੱਪਨ d) ਪ੍ਰੌੜ ਹੜੱਪਨ

63. Intel Core i9 is a type of :

a) Processor b) Hard Disk c) Motherboard d) output device

ਇੰਟੇਲ ਕੋਰ i9 ਇੱਕ ਕਿਸਮ ਦਾ _____ ਹੈ।

a) ਪ੍ਰੋਸੈਸਰ b) ਹਾਰਡ ਡਿਸਕ c) ਮਦਰਬੋਰਡ d) ਆਉਟਪੁੱਟ ਡਿਵਾਈਸ

64. The following is **not** an Operating System :

a) Unix b) Linux c) Microsoft Office d) Windows

ਹੇਠ ਲਿਖਿਆ ਵਿੱਚੋਂ _____ ਓਪਰੇਟਿੰਗ ਸਿਸਟਮ ਨਹੀਂ ਹੈ।

a) ਯੂਨਿਕਸ b) ਲੀਨਕਸ c) ਮਾਈਕ੍ਰੋਸਾਫਟ ਆਫਿਸ d) ਵਿੰਡੋਜ਼

65. By pressing _____, one can insert a page break in a MS Word document.

_____ ਦਬਾਉਣ ਨਾਲ, ਕੋਈ ਵੀ ਐਮਐਸ ਵਰਡ ਦਸਤਾਵੇਜ਼ ਵਿੱਚ ਇੱਕ ਪੇਜ ਬ੍ਰੇਕ ਪਾ ਸਕਦਾ ਹੈ।

a) Ctrl + P b) Ctrl + Enter c) Ctrl + A d) Ctrl + S

66. What is the function of the 'Ctrl + Z' shortcut in MS Word ?

a) To close the document c) To undo an action
b) To redo an action d) To save a document

ਐਮਐਸ ਵਰਡ ਵਿੱਚ 'Ctrl + Z' ਸ਼ਾਰਟਕੱਟ ਦਾ ਕੀ ਕੰਮ ਹੈ ?

a) ਦਸਤਾਵੇਜ਼ ਨੂੰ ਬੰਦ ਕਰਨਾ c) ਕਿਸੇ ਕਾਰਵਾਈ ਨੂੰ ਵਾਪਸ ਕਰਨਾ
b) ਕਿਸੇ ਕਾਰਵਾਈ ਨੂੰ ਦੁਬਾਰਾ ਕਰਨਾ d) ਕਿਸੇ ਦਸਤਾਵੇਜ਼ ਨੂੰ ਸੁਰੱਖਿਅਤ ਕਰਨਾ

67. What does the VLOOKUP function do in MS Excel ?

a) Deletes a row c) Searches for data in rows
b) Searches for data in columns d) Calculates a vertical sum

ਐਮਐਸ ਐਕਸਲ ਵਿੱਚ VLOOKUP ਫੰਕਸ਼ਨ ਕੀ ਕਰਦਾ ਹੈ ?

a) ਇੱਕ ਕਤਾਰ ਨੂੰ ਮਿਟਾਉਂਦਾ ਹੈ c) ਕਤਾਰਾਂ ਵਿੱਚ ਡੇਟਾ ਦੀ ਖੋਜ ਕਰਦਾ ਹੈ
b) ਕਾਲਮਾਂ ਵਿੱਚ ਡੇਟਾ ਦੀ ਖੋਜ ਕਰਦਾ ਹੈ d) ਇੱਕ ਲੰਬਕਾਰੀ ਜੋੜ ਦੀ ਗਣਨਾ ਕਰਦਾ ਹੈ

68. How do you delete a slide in MS PowerPoint ?

a) Press 'Ctrl + D' c) Go to the View tab
b) Use the Insert tab d) Right-click on the slide and select Delete Slide

ਤੁਸੀਂ ਐਮਐਸ ਪਾਵਰ ਪਵਾਇੰਟ ਵਿੱਚ ਇੱਕ ਸਲਾਈਡ ਨੂੰ ਕਿਵੇਂ ਮਿਟਾਉਂਦੇ ਹੋ ?

a) 'Ctrl + D' ਦਬਾਕੇ c) ਵਿਊ ਟੈਬ 'ਤੇ ਜਾਕੇ
b) ਇਨਸਰਟ ਟੈਬ ਦੀ ਵਰਤੋਂ ਕਰਕੇ d) ਸਲਾਈਡ 'ਤੇ ਸੱਜਾ-ਕਲਿੱਕ ਕਰੋ ਅਤੇ ਡਿਲੀਟ ਸਲਾਈਡ ਚੁਣਕੇ

69. A _____ is a small malicious program that runs hidden on infected system.

a) Virus b) Trojan c) Shareware d) Adware

House of Aspirants | houseofaspirants.in | Free PSSSB, Punjab Police & PSTET preparation

_____ ਇੱਕ ਛੋਟਾ ਜਿਹਾ ਖਤਰਨਾਕ ਪ੍ਰੋਗਰਾਮ ਹੁੰਦਾ ਹੈ ਜੋ ਸੰਕਰਮਿਤ ਸਿਸਟਮ 'ਤੇ ਲੁਕਿਆ ਹੋਇਆ ਚੱਲਦਾ ਹੈ।

a) ਵਾਇਰਸ b) ਟ੍ਰੋਜਨ c) ਸ਼ੇਅਰਵੇਅਰ d) ਐਡਵੇਅਰ

70. The main reason to encrypt a computer file is to :

a) reduce its size
b) ensure confidentiality
c) prepare it for backup
d) incorporate signature

ਕੰਪਿਊਟਰ ਫਾਈਲ ਨੂੰ ਏਨਕ੍ਰਿਪਟ ਕਰਨ ਦਾ ਮੁੱਖ ਕਾਰਨ ਇਹ ਹੈ :

a) ਇਸਦਾ ਅਕਾਰ ਘਟਾਉਣਾ
b) ਇਸਦੀ ਗੁਪਤਤਾ ਨੂੰ ਯਕੀਨੀ ਬਣਾਉਣਾ
c) ਇਸਨੂੰ ਬੈਕਅੱਪ ਲਈ ਤਿਆਰ ਕਰਨਾ
d) ਇਸਦੇ ਵਿੱਚ ਦਸਤਖ਼ਤ ਸ਼ਾਮਲ ਕਰਨਾ

71. Which ancient city of Punjab became an important center under the Mauryas due to its strategic position on the Uttarapatha trade route ?

a) Taxila b) Sirhind c) Amritsar d) Multan

ਉੱਤਰਪੱਥ ਵਪਾਰ ਮਾਰਗ 'ਤੇ ਆਪਣੀ ਰਣਨੀਤਕ ਸਥਿਤੀ ਦੇ ਕਾਰਨ ਮੌਰੀਆ ਰਾਜ ਦੌਰਾਨ ਪੰਜਾਬ ਦਾ ਕਿਹੜਾ ਪ੍ਰਾਚੀਨ ਸ਼ਹਿਰ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ ?

a) ਟੈਕਸਲਾ b) ਸਰਹਿੰਦ c) ਅੰਮ੍ਰਿਤਸਰ d) ਮੁਲਤਾਨ

72. Which of the following communities historically played a crucial role in trade and money lending in Punjab's towns and markets ?

a) Jat cultivators
b) Rajput warrior clans.
c) Khatri and Arora merchant groups
d) Muslim Landlords

ਹੇਠ ਲਿਖਿਆਂ ਵਿੱਚੋਂ ਕਿਹੜੇ ਭਾਈਚਾਰਿਆਂ ਨੇ ਇਤਿਹਾਸਕ ਤੌਰ 'ਤੇ ਪੰਜਾਬ ਦੇ ਕਸਬਿਆਂ ਅਤੇ ਬਜ਼ਾਰਾਂ ਵਿੱਚ ਵਪਾਰ ਅਤੇ ਕਰਜ਼ਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ?

a) ਜਾਟ ਕਾਸ਼ਤਕਾਰ b) ਰਾਜਪੂਤ ਯੋਧਾ-ਕਬੀਲੇ। c) ਖੱਤਰੀ ਅਤੇ ਅਰੋੜਾ ਵਪਾਰੀ ਸਮੂਹ d) ਮੁਸਲਿਮ ਜ਼ਿਮੀਂਦਾਰ

73. In pre-colonial Punjab, the term *barani* primarily denoted :

a) River-irrigated fertile lands
b) Rain-fed agricultural tracts
c) Irrigated land through Wells
d) Tax-free religious lands

ਪੂਰਵ-ਬਸਤੀਵਾਦੀ ਪੰਜਾਬ ਵਿੱਚ, ਬਰਾਨੀ ਸ਼ਬਦ ਮੁੱਢਲੇ ਤੌਰ 'ਤੇ ਇਹਨਾਂ ਨੂੰ ਦਰਸਾਉਂਦਾ ਸੀ :

a) ਦਰਿਆਈ ਸਿੰਜਾਈ ਵਾਲੀਆਂ ਉਪਜਾਊ ਜ਼ਮੀਨਾਂ
b) ਮੀਂਹ ਨਾਲ ਚੱਲਣ ਵਾਲੇ ਖੇਤੀਬਾੜੀ ਖੇਤਰ
c) ਖੂਹਾਂ ਰਾਹੀਂ ਸਿੰਜਾਈ ਵਾਲੀ ਜ਼ਮੀਨ
d) ਟੈਕਸ-ਮੁਕਤ ਧਾਰਮਿਕ ਜ਼ਮੀਨਾਂ

74. Which of the following is a classical Punjabi ballad (*qissa*) associated with the theme of tragic love ?

a) *Laila-Majnu* by Jami b) *Padmavat* c) *Meghaduta* d) *Sassi-Punnu* by Hashim Shah

ਇਹਨਾਂ ਵਿੱਚੋਂ ਕਿਹੜੀ ਕਲਾਸੀਕਲ ਪੰਜਾਬੀ ਗਾਥਾ (ਕਿੱਸਾ) ਦੁਖਾਂਤ-ਪਿਆਰ ਦੇ ਵਿਸ਼ੇ ਨਾਲ ਜੁੜੀ ਹੋਈ ਹੈ ?

a) ਜਾਮੀ ਦੁਆਰਾ ਰਚਿਤ ਲੈਲਾ-ਮਜਨੂੰ b) ਪਦਮਾਵਤ c) ਮੇਘਦੂਤ d) ਹਾਸ਼ਿਮ ਸ਼ਾਹ ਦੁਆਰਾ ਰਚਿਤ ਸੱਸੀ-ਪਨੂੰ

75. Sufi poet Baba Farid's verses incorporated in the Guru Granth Sahib are originally in :

a) Persian only b) Sanskrit c) Multani d) Braj Bhasha

ਸੂਫ਼ੀ ਕਵੀ ਬਾਬਾ ਫਰੀਦ ਦੇ ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹਨ, ਉਹ ਮੂਲ ਰੂਪ ਵਿੱਚ ਕਿਸ ਭਾਸ਼ਾ ਵਿੱਚ ਹਨ ?

a) ਸਿਰਫ਼ ਫ਼ਾਰਸੀ b) ਸੰਸਕ੍ਰਿਤ c) ਮੁਲਤਾਨੀ d) ਬ੍ਰਜ ਭਾਸ਼ਾ

76. Which Vedic river is identified with the present-day Ravi ?

a) Sarasvati b) Vipasha c) Shutudri d) Parushni

ਕਿਹੜੀ ਵੈਦਿਕ ਨਦੀ ਨੂੰ ਮੌਜੂਦਾ ਰਾਵੀ ਨਾਲ ਪਛਾਣਿਆ ਜਾਂਦਾ ਹੈ ?

a) ਸਰਸਵਤੀ b) ਵਿਪਾਸ਼ਾ c) ਸ਼ੁਤੁਦਰੀ d) ਪਰੁਸ਼ਨੀ

77. The shrine of Data Ganj Bakhsh (Ali Hujwiri) is historically associated with which city ?

a) Uch b) Pakpattan c) Lahore d) Multan

ਦਾਤਾ ਗੰਜ ਬਖ਼ਸ਼ (ਅਲੀ ਹੁਜਵੀਰੀ) ਦੀ ਦਰਗਾਹ ਇਤਿਹਾਸਕ ਤੌਰ 'ਤੇ ਕਿਸ ਸ਼ਹਿਰ ਨਾਲ ਸੰਬੰਧਿਤ ਹੈ ?

a) ਉਚ b) ਪਾਕਪਟਨ c) ਲਾਹੌਰ d) ਮੁਲਤਾਨ

78. The Pagri Sambhal Jatta movement (1907) in Punjab was primarily :

a) A religious reform within Sikhism
b) A purely literary movement
c) A demand for separate electorate
d) A peasant agitation against colonial agrarian laws

House of Aspirants | houseofaspirants.in | Free PSSSB, Punjab Police & PSTET preparation

ਪੰਜਾਬ ਵਿੱਚ ਪਗੜੀ ਸੰਭਾਲ ਜੱਟਾ ਲਹਿਰ (1907) ਮੁੱਖ ਤੌਰ 'ਤੇ ਸੀ :

a) ਸਿੱਖ ਧਰਮ ਦੇ ਅੰਦਰ ਇੱਕ ਧਾਰਮਿਕ ਸੁਧਾਰ
b) ਇੱਕ ਸ਼ੁੱਧ ਸਾਹਿਤਕ-ਲਹਿਰ
c) ਵੱਖਰੇ ਚੋਣ ਹਲਕੇ ਦੀ ਮੰਗ
d) ਬਸਤੀਵਾਦੀ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ

79. The Gurdwara Reform and Akali politics in colonial Punjab contributed to :

a) Complete withdrawal of Sikhs from the national movement
b) Politicization and mobilization of rural Sikh masses in anti-colonial struggle
c) Exclusive support for British policies
d) Total isolation of Sikh community

ਬਸਤੀਵਾਦੀ ਪੰਜਾਬ ਵਿੱਚ ਗੁਰਦੁਆਰਾ ਸੁਧਾਰ ਅਤੇ ਅਕਾਲੀ ਰਾਜਨੀਤੀ ਨੇ ਯੋਗਦਾਨ ਪਾਇਆ :

a) ਕੌਮੀ ਲਹਿਰ ਤੋਂ ਸਿੱਖਾਂ ਵਲੋਂ ਪੂਰੀ ਤਰ੍ਹਾਂ ਪਿੱਛੇ ਹਟਣ ਵਿਚ
b) ਬਸਤੀਵਾਦੀ ਵਿਰੋਧੀ ਸੰਘਰਸ਼ ਵਿੱਚ ਪੇਂਡੂ ਸਿੱਖ ਜਨਤਾ ਦਾ ਰਾਜਨੀਤੀਕਰਨ ਅਤੇ ਲਾਮਬੰਦੀ ਵਿਚ
c) ਬ੍ਰਿਟਿਸ਼ ਨੀਤੀਆਂ ਲਈ ਵਿਸ਼ੇਸ਼ ਸਮਰਥਨ ਵਿਚ
d) ਸਿੱਖ ਭਾਈਚਾਰੇ ਦੇ ਪੂਰੀ ਤਰ੍ਹਾਂ ਅਲੱਗ-ਥਲੱਗ ਹੋਣ ਵਿਚ

80. In the late colonial period, the Unionist Party in Punjab primarily represented :

a) Only urban industrial workers
b) Exclusive Hindu merchants
c) A cross-communal alliance of landed interests
d) Only Sikh peasants

ਬਸਤੀਵਾਦੀ ਸਮੇਂ ਦੇ ਅਖੀਰ ਵਿੱਚ, ਪੰਜਾਬ ਵਿੱਚ ਯੂਨੀਅਨਿਸਟ ਪਾਰਟੀ ਮੁੱਖ ਤੌਰ 'ਤੇ ਨੁਮਾਇੰਦਗੀ ਕਰਦੀ ਸੀ:

a) ਸਿਰਫ਼ ਸ਼ਹਿਰੀ ਉਦਯੋਗਿਕ ਕਾਮਿਆਂ ਦੀ
b) ਵਿਸ਼ੇਸ਼ ਹਿੰਦੂ ਵਪਾਰੀਆਂ ਦੀ
c) ਜ਼ਮੀਨੀ ਹਿੱਤਾਂ ਦੇ ਇੱਕ ਅੰਤਰ-ਸੰਪਰਦਾਇਕ ਗਠਜੋੜ ਦੀ
d) ਸਿਰਫ਼ ਸਿੱਖ ਕਿਸਾਨਾਂ ਦੀ

81. Which of the following saints' compositions are included in the Adi Granth ?

1. Kabir 2. Ravidas 3. Tulsidas 4. Jaidev

Select the correct answer using the code given below :

a) 1 and 2 only
b) 1, 2, and 4 only
c) 1, 2, and 3 only
d) 1, 2, 3, and 4

ਆਦਿ ਗ੍ਰੰਥ ਵਿੱਚ ਕਿਹੜੇ ਸੰਤਾਂ ਦੀਆਂ ਰਚਨਾਵਾਂ ਸ਼ਾਮਲ ਹਨ ?

1. ਕਬੀਰ 2. ਰਵਿਦਾਸ 3. ਤੁਲਸੀਦਾਸ 4. ਜੈਦੇਵ

ਹੇਠਾਂ ਦਿੱਤੇ ਕੋਡ ਦੀ ਵਰਤੋਂ ਕਰਕੇ ਸਹੀ ਉੱਤਰ ਚੁਣੋ :

a) 1 ਅਤੇ 2 ਸਿਰਫ਼
b) 1, 2, ਅਤੇ 4 ਸਿਰਫ਼
c) 1, 2, ਅਤੇ 3 ਸਿਰਫ਼
d) 1, 2, 3, ਅਤੇ 4

82. The *Hukamnamas* issued by Banda Singh Bahadur are historically significant because they :

a) Introduced Persian as the court language
b) Abolished the Zamindari system completely
c) Granted land ownership to peasants and cultivators
d) Established a centralized Mughal-style bureaucracy

ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੇ ਗਏ ਹੁਕਮਨਾਮੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਹਨ ਕਿਉਂਕਿ ਉਨਾਂ ਦੇ:

a) ਫਾਰਸੀ ਨੂੰ ਅਦਾਲਤੀ ਭਾਸ਼ਾ ਵਜੋਂ ਲਾਗੂ ਕੀਤਾ
b) ਜ਼ਮੀਂਦਾਰੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ
c) ਕਿਸਾਨਾਂ ਅਤੇ ਕਾਸ਼ਤਕਾਰਾਂ ਨੂੰ ਜ਼ਮੀਨ ਦੀ ਮਾਲਕੀ ਦਿੱਤੀ
d) ਇੱਕ ਕੇਂਦਰੀਕ੍ਰਿਤ ਮੁਗਲ-ਸ਼ੈਲੀ ਦੀ ਨੌਕਰਸ਼ਾਹੀ ਸਥਾਪਤ ਕੀਤੀ

83. Ranjit Singh's administration differed from Mughal governance because :

a) Persian was abolished as court language
b) Jagirdari system was entirely removed
c) Zamindars were eliminated
d) Revenue assignments were non-hereditary

ਰਣਜੀਤ ਸਿੰਘ ਦਾ ਪ੍ਰਸ਼ਾਸਨ ਮੁਗਲ-ਸ਼ਾਸਨ ਤੋਂ ਵੱਖਰਾ ਸੀ ਕਿਉਂਕਿ ਇਸ ਵਿਚ :

a) ਫਾਰਸੀ ਨੂੰ ਅਦਾਲਤੀ ਭਾਸ਼ਾ ਵਜੋਂ ਖਤਮ ਕਰ ਦਿੱਤਾ ਗਿਆ ਸੀ
b) ਜਗੀਰਦਾਰੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਸੀ
c) ਜ਼ਿਮੀਂਦਾਰਾਂ ਨੂੰ ਖਤਮ ਕਰ ਦਿੱਤਾ ਗਿਆ ਸੀ
d) ਮਾਲੀਆ ਨਿਯੁਕਤੀਆਂ ਗੈਰ-ਵਿਰਾਸਤੀ ਸਨ

84. Jamrud Fort was built to :

a) Protect Lahore
b) Control Multan
c) Guard Punjab's north-west frontier
d) Suppress Misls

ਜਮਰੌਦ ਕਿਲ੍ਹਾ ਬਣਾਇਆ ਗਿਆ ਸੀ :

a) ਲਾਹੌਰ ਦੀ ਰੱਖਿਆ ਲਈ
b) ਮੁਲਤਾਨ ਨੂੰ ਕੰਟਰੋਲ ਕਰਨ ਲਈ
c) ਪੰਜਾਬ ਦੀ ਉੱਤਰ-ਪੱਛਮੀ ਸਰਹੱਦ ਦੀ ਰਾਖੀ ਕਰਨ ਲਈ
d) ਮਿਸਲਾਂ ਨੂੰ ਦਬਾਉਣ ਲਈ

House of Aspirants | houseofaspirants.in | Free PSSSB, Punjab Police & PSTET preparation

85. Who among the following was **NOT** associated with the Ghadar Movement ?
a) Kartar Singh Sarabha
b) Lala Hardayal
c) Baba Sohan Singh Bhakna
d) Bhagat Singh
ਇਹਨਾਂ ਵਿੱਚੋਂ ਕੌਣ ਗਦਰ ਲਹਿਰ ਨਾਲ ਜੁੜਿਆ ਹੋਇਆ ਨਹੀਂ ਸੀ ?
a) ਕਰਤਾਰ ਸਿੰਘ ਸਰਾਭਾ b) ਲਾਲਾ ਹਰਦਿਆਲ c) ਬਾਬਾ ਸੋਹਣ ਸਿੰਘ ਭਕਨਾ d) ਭਗਤ ਸਿੰਘ

86. Who among the following played a crucial role in maintaining rural peasant unity across communities in pre-partition Punjab ?
a) Lala Lajpat Rai b) Sir Sikandar Hayat Khan c) Bhagat Singh d) Master Tara Singh
ਵੰਡ ਤੋਂ ਪਹਿਲਾਂ ਦੇ ਪੰਜਾਬ ਵਿੱਚ, ਭਾਈਚਾਰਿਆਂ ਵਿੱਚ ਪੇਂਡੂ ਕਿਸਾਨ ਏਕਤਾ ਬਣਾਈ ਰੱਖਣ ਵਿੱਚ, ਹੇਠ ਲਿਖਿਆਂ ਵਿੱਚੋਂ ਕਿਸਨੇ ਮਹੱਤਵਪੂਰਨ ਭੂਮਿਕਾ ਨਿਭਾਈ ?
a) ਲਾਲਾ ਲਾਜਪਤ ਰਾਏ b) ਸਰ ਸਿਕੰਦਰ ਹਯਾਤ ਖਾਨ c) ਭਗਤ ਸਿੰਘ d) ਮਾਸਟਰ ਤਾਰਾ ਸਿੰਘ

87. Which Mahajanapada included parts of modern Punjab ?
a) Gandhara b) Magadha c) Kosala d) Avanti
ਕਿਸ ਮਹਾ-ਜਨਪਦ ਵਿੱਚ ਆਧੁਨਿਕ ਪੰਜਾਬ ਦੇ ਹਿੱਸੇ ਸ਼ਾਮਲ ਸਨ ?
a) ਗੰਧਾਰ b) ਮਗਧ c) ਕੋਸਲ d) ਅਵੰਤੀ

88. "The sun rises in the east." ਦਾ ਸਹੀ ਅਨੁਵਾਦ ਕਿਹੜਾ ਹੈ ?
a) ਸੂਰਜ ਪੱਛਮ ਵਿੱਚ ਡੁੱਬਦਾ ਹੈ।
b) ਸੂਰਜ ਉੱਤਰ ਵਿੱਚ ਚੜ੍ਹਦਾ ਹੈ।
c) ਸੂਰਜ ਪੂਰਬ ਵਿੱਚ ਡੁੱਬਦਾ ਹੈ।
d) ਸੂਰਜ ਪੂਰਬ ਵਿੱਚ ਚੜ੍ਹਦਾ ਹੈ।

89. ਹੇਠਾਂ ਦਿੱਤੇ ਪ੍ਰਸ਼ਨ ਵਿੱਚ ਕਈ ਸ਼ਬਦਾਂ ਤੋਂ ਬਣੇ ਅਰਥ ਲਈ ਸਹੀ ਇੱਕ-ਸ਼ਬਦੀ ਸ਼ਬਦ ਚੁਣਨਾ ਹੈ।
ਜੋ ਪੰਛੀਆਂ ਨਾਲ ਸੰਬੰਧਿਤ ਗਿਆਨ ਰੱਖਦਾ ਹੋਵੇ :
a) ਵੈਦ b) ਜੀਵਵਿਦ c) ਪਖ਼ਸ਼ਾਸਤਰੀ d) ਪੰਛੀਪ੍ਰੇਮੀ

90. ਦਿੱਤੇ ਵਾਕ ਵਿੱਚ 'ਸੁੰਦਰ' ਕਿਸ ਭਾਗ ਦਾ ਸ਼ਬਦ ਹੈ ? : *ਉਸਦਾ ਸੁੰਦਰ ਘਰ ਹੈ।*
a) ਕਿਰਿਆ b) ਸਰਵਨਾਮ c) ਵਿਸ਼ੇਸ਼ਣ d) ਕਰਮ

91. ਦਿੱਤੇ ਵਾਕ ਨੂੰ ਬਹੁਵਚਨ ਬਣਾਉਣ 'ਤੇ ਕਿਰਿਆ ਵਿਚ ਕੀ ਤਬਦੀਲੀ ਆਵੇਗੀ ? "ਦਰਸ਼ਕ ਨੇ ਹੱਥ ਚੁੱਕਿਆ।"
a) ਚੁੱਕਿਆ → ਚੁੱਕੀ b) ਚੁੱਕਿਆ → ਚੁੱਕੇ c) ਚੁੱਕਿਆ → ਚੁੱਕੀਆਂ d) ਕੋਈ ਤਬਦੀਲੀ ਨਹੀਂ

92. 'ਸੰਤੁਲਿਤ' ਤੋਂ 'ਸੰਤੁਲਨ' ਬਣਨ 'ਤੇ ਕਿਹੜਾ ਰੂਪਾਂਤਰ ਹੁੰਦਾ ਹੈ?
a) ਨਾਂਵ → ਕਿਰਿਆ b) ਨਾਂਵ → ਵਿਸ਼ੇਸ਼ਣ c) ਕਿਰਿਆ → ਨਾਂਵ d) ਵਿਸ਼ੇਸ਼ਣ → ਨਾਂਵ

93. ਵਾਕ ਵਿੱਚ ਕਾਰਕ ਪਛਾਣੋ : *ਮੈਂ ਉਸਨੂੰ ਕਿਤਾਬ ਦਿੱਤੀ।*
a) ਕਰਤਾਕਾਰਕ b) ਕਰਮਕਾਰਕ c) ਸੰਪ੍ਰਦਾਨ ਕਾਰਕ d) ਅਧਿਕਰਣ ਕਾਰਕ

94. ਦਿੱਤੇ ਵਾਕ ਵਿੱਚ ਕਿਰਿਆ ਦੀ ਕਿਸਮ ਦੱਸੋ : *ਮੈਂ ਖੇਤ ਵਿੱਚ ਕੰਮ ਕਰ ਰਿਹਾ ਹਾਂ।*
a) ਅਕਰਮਕ b) ਸਕਰਮਕ c) ਸਹਾਇਕ ਕਿਰਿਆ d) ਅਯੋਗਿਕ ਕਿਰਿਆ

95. ਮੁਹਾਵਰੇ ਦਾ ਸਹੀ ਅਰਥ ਚੁਣੋ :
ਅੱਖਾਂ ਖੁਲ ਜਾਣਾ
a) ਸੋ ਜਾਣਾ b) ਜਾਗ ਪੈਣਾ c) ਕੋਈ ਸੱਚਾਈ ਸਮਝ ਆ ਜਾਣਾ d) ਤੁਰੰਤ ਰੋਣਾ

96. ਕਿਹੜੇ ਵਾਕ ਵਿੱਚ ਤਤ੍ਪੁਰੁਸ਼ ਸਮਾਸ ਹੈ ?
a) ਦਿਨ-ਰਾਤ b) ਮੋਤੀਬਾਗ c) ਰਾਜਕੁਮਾਰ d) ਜਲਧੀ

97. 'ਨੀਲਾ' ਸ਼ਬਦ ਕਿਸ ਕਿਸਮ ਦਾ ਵਿਸ਼ੇਸ਼ਣ ਹੈ ?
a) ਗੁਣ-ਵਾਚਕ b) ਸੰਖਿਆ-ਵਾਚਕ c) ਸੰਕੇਤਕ d) ਪ੍ਰਸ਼ਨ-ਵਾਚਕ

98. "ਉਦਾਸੀਨ" ਦਾ ਵਿਰੋਧੀ ਕਿਹੜਾ ਹੈ ?
a) ਲਹਿਰਦਾਰ b) ਚਿੰਤਾ-ਮੁਕਤ c) ਰੁਚਿਵਾਨ d) ਅਸਫਲ

House of Aspirants | houseofaspirants.in | Free PSSSB, Punjab Police & PSTET preparation

99. "ਪੰਜਾਬੀਅਤ" ਨਾਂਵ ਕਿਹੜੇ ਭੇਦ ਵਿੱਚ ਆਉਂਦਾ ਹੈ ?

a) ਵਸਤੂਵਾਚਕ b) ਭਾਵਵਾਚਕ c) ਸਮੂਹਵਾਚਕ d) ਅਭਾਵਵਾਚਕ

100. ਹੇਠ ਦਿੱਤਿਆਂ ਵਿੱਚੋਂ **ਸ਼ੁੱਧ** ਸ਼ਬਦ ਕਿਹੜਾ ਹੈ ?

a) ਗਲਤਫ਼ਹਮੀ b) ਗਲਤਫਹਿਮੀ c) ਗਲਤਫਹਮੀ d) ਗਲਤਫ਼ਹਿਮੀ

Space for rough work

House of Aspirants | houseofaspirants.in | Free PSSSB, Punjab Police & PSTET preparation